Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 83 | 04/08/2025 | www.samajweekly.com | samajweekly | @samajweekly | samajweekly

# ਮੁੱਖ ਮੰਤਰੀ ਵੱਲੋਂ ਸੂਬੇ ਵਿੱਚ 200 ਨਵੇਂ ਆਮ ਆਦਮੀ ਕਲੀਨਿਕ ਖੋਲ੍ਹਣ ਦਾ ਐਲਾਨ

**ਚੰਡੀਗੜ੍ਹ।** ਡਾਕਟਰ ਦੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਨੂੰ ਮਿਲਣ ਦੀ ਤਰੀਕ ਅਤੇ ਸਿਹਤ ਸੰਭਾਲ ਬਾਰੇ ਸਾਰੀ ਜਾਣਕਾਰੀ ਹੁਣ ਵਟਸਐਪ ਰਾਹੀਂ ਮਿਲੇਗੀ

ਫੁਨਜਓਬ 'ਾਸ਼ਿ ਨ ਫੁਨਜਓਬਿ ਲ਼ਓਟਣਸਟ 'ਾਸ : ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਇਕ ਹੋਰ ਇਤਿਹਾਸਕ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬੇ ਵਿੱਚ 200 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਤਾਂ ਕਿ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਨਾ ਜਾਣਾ ਪਵੇ। ਅੱਜ ਇੱਥੇ ਟੈਗੋਰ ਥੀਏਟਰ ਵਿਖੇ 881 ਆਮ ਆਦਮੀ ਕਲੀਨਿਕਾਂ ਨੂੰ 'ਵਟਸਐਪ ਚੈਟਬੋਟ' ਨਾਲ ਜੋੜਨ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਦੇਸ਼ ਦਾ ਸਭ ਤੋਂ ਸਫਲ ਸਿਹਤ ਮਾਡਲ ਸਾਬਤ ਹੋ ਰਿਹਾ ਹੈ ਜਿੱਥੇ ਮਰੀਜ਼ਾਂ ਦਾ ਸਾਰਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਛੇਤੀ ਹੀ 200 ਆਮ ਆਦਮੀ ਕਲੀਨਿਕ ਕਾਰਜਸ਼ੀਲ ਕਰੇਗੀ ਜਿਸ ਨਾਲ ਸੂਬੇ ਵਿੱਚ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧ ਕੇ 1081 ਹੋ ਜਾਵੇਗੀ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਵੇਲੇ 565 ਆਮ ਆਦਮੀ ਕਲੀਨਿਕਾਂ ਪੇਂਡੂ ਇਲਾਕਿਆਂ ਵਿੱਚ ਜਦਕਿ 316 ਕਲੀਨਿਕ ਸ਼ਹਿਰੀ ਇਲਾਕਿਆਂ ਵਿੱਚ ਹਨ ਜਿੱਥੇ ਹੋਰ ਰੋਜ਼ ਲਗਪਗ 70,000 ਮਰੀਜ਼ ਆਉਂਦੇ ਹਨ ਜਿਸ ਤੋਂ



ਇਹ ਸਿੱਧ ਹੁੰਦਾ ਹੈ ਕਿ ਸਰਕਾਰੀ ਸਿਹਤ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਵਧ ਰਿਹਾ ਹੈ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਆਉਣ ਵਾਲੇ ਮਰੀਜ਼ਾਂ ਵਿੱਚੋਂ ਸਭ ਤੋਂ ਵੱਧ ਮਹਿਲਾਵਾਂ ਅਤੇ ਉਸ ਤੋਂ ਬਾਅਦ ਬਜ਼ੁਰਗਾਂ ਦੀ ਗਿਣਤੀ ਵੱਧ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਘਰ ਦੇ ਨੇੜੇ ਹੀ ਬਿਹਤਰ ਇਲਾਜ ਮੁਫ਼ਤ ਮਿਲ ਜਾਂਦਾ ਹੈ।ਆਮ ਆਦਮੀ ਕਲੀਨਿਕਾਂ ਨੂੰ ਵਟਸਐਪ ਚੈਟਬੋਟ ਨਾਲ ਜੋੜਨ ਦੇ ਉਪਰਾਲੇ ਨੂੰ ਸਿਹਤ ਖੇਤਰ ਵਿੱਚ ਇਕ ਹੋਰ ਵੱਡੀ ਪ੍ਰਾਪਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਮਰੀਜ਼ ਜਦੋਂ ਚਾਹੁਣ, ਆਪਣੀਆਂ ਦਵਾਈਆਂ ਜਾਂ ਜਾਂਚ ਰਿਪੋਰਟਾਂ ਮੋਬਾਈਲ ਉਤੇ ਦੇਖ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਸਿਹਤ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਆਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਕਰੀਬਨ 90 ਫੀਸਦੀ ਪੰਜਾਬੀਆਂ ਕੋਲ ਸਮਾਰਟਫੋਨ ਹਨ ਜਿਸ ਕਰਕੇ ਵਟਸਐਪ ਰਾਹੀਂ ਉਨ੍ਹਾਂ ਕੋਲ ਸਿੱਧੀ ਪਹੁੰਚ ਕੀਤੀ ਜਾ ਸਕਦੀ ਹੈ। ਆਮ ਲੋਕਾਂ ਲਈ ਵਟਸਐਪ ਚੈਟਬੋਟ ਦੇ ਲਾਭ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਡਾਕਟਰ ਦੀ ਦਵਾਈ ਵਾਲੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਵੱਲੋਂ ਦਿੱਤੀ ਅਗਲੀ ਤਰੀਕ ਬਾਰੇ ਸਮੇਂ-ਸਮੇਂ ਯਾਦ ਕਰਵਾਉਂਦੇ ਰਹਿਣਾ ਤੋਂ ਇਲਾਵਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਨਵ-ਜੰਮੇ ਬੱਚਿਆਂ ਦੀ ਸੰਭਾਲ ਬਾਰੇ ਵਟਸਐਪ ਰਾਹੀਂ ਜਾਣਕਾਰੀ ਮਿਲਦੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਨਾਲ ਮਰੀਜ਼ ਨੂੰ ਪਰਚੀਆਂ ਸਾਂਭਣ ਦੀ ਲੋੜ ਨਹੀਂ ਰਹੇਗੀ, ਸਗੋਂ ਉਹ ਜਦੋਂ ਚਾਹੁਣ ਵਟਸਐਪ ਤੋਂ ਜਾਣਕਾਰੀ ਲੈ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਕਦਮ ਨਾਲ ਸਿਹਤ ਵਿਭਾਗ ਕੋਲ ਵੀ ਬਿਮਾਰੀਆਂ ਅਤੇ ਇਲਾਜ ਬਾਰੇ ਸਾਰੇ ਮਰੀਜ਼ਾਂ ਦਾ ਡਾਟਾ ਤਿਆਰ ਹੋ ਜਾਵੇਗਾ।

# 'ਇੰਡੀਆ' ਸਮੂਹ ਦੀ ਬੈਠਕ 7 ਅਗਸਤ ਨੂੰ, 8 ਅਗਸਤ ਨੂੰ ਚੋਣ ਕਮਿਸ਼ਨ ਵਲ ਮਾਰਚ ਕਰਨ ਦੀ ਯੋਜਨਾ

## ਵਿਰੋਧੀ ਪਾਰਟੀਆਂ ਵੋਟਰ ਸੂਚੀਆਂ ਦੇ ਵਿਰੋਧ 'ਚ 8 ਅਗਸਤ ਨੂੰ ਭਾਰਤ ਚੋਣ ਕਮਿਸ਼ਨ ਦੇ ਦਫ਼ਤਰ ਤਕ ਮਾਰਚ ਕੱਢਣ ਦੀ ਯੋਜਨਾ ਬਣਾ ਰਹੀਆਂ ਹਨ

**ਨਵੀਂ ਦਿਲੀ।** ਵਿਰੋਧੀ ਧਿਰ 'ਇੰਡੀਆ' ਸਮੂਹ ਦੇ ਨੇਤਾ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਮੁੱਦੇ ਬਾਰੇ ਰਣਨੀਤੀ ਉਤੇ ਚਰਚਾ ਕਰਨ ਲਈ 7 ਅਗਸਤ ਨੂੰ ਰਾਤ ਦੇ ਖਾਣੇ ਦੀ ਬੈਠਕ ਕਰ ਸਕਦੇ ਹਨ। ਸੂਤਰਾਂ ਨੇ ਦਸਿਆ ਕਿ ਵਿਰੋਧੀ ਪਾਰਟੀਆਂ ਵੋਟਰ ਸੂਚੀਆਂ ਦੇ ਐਸ.ਆਈ.ਆਰ. ਦੇ ਵਿਰੋਧ ਵਿਚ 8 ਅਗਸਤ ਨੂੰ ਭਾਰਤ ਚੋਣ ਕਮਿਸ਼ਨ ਦੇ ਦਫ਼ਤਰ ਤਕ ਮਾਰਚ ਕੱਢਣ ਦੀ ਯੋਜਨਾ ਬਣਾ ਰਹੀਆਂ ਹਨ। ਸੰਸਦ ਦੇ ਮਾਨਸੂਨ ਸੈਸ਼ਨ 'ਚ ਐਸ.ਆਈ.ਆਰ. ਮੁੱਦੇ ਉਤੇ ਰੁਕਾਵਟ ਦੇ ਵਿਚਕਾਰ ਇਹ ਕਦਮ ਚੁਕਿਆ ਗਿਆ ਹੈ, ਜੋ ਸੱਤਾਧਾਰੀ ਗਠਜੋੜ



ਤੋਂ ਸਕਾਰਾਤਮਕ ਹੁੰਗਾਰਾ ਲੈਣ 'ਚ ਅਸਫਲ ਰਹਿਣ ਕਾਰਨ ਲਗਭਗ ਅਸਫਲ ਰਿਹਾ ਹੈ। ਸੂਤਰਾਂ ਮੁਤਾਬਕ ਐਸ.ਆਈ.ਆਰ. ਮੁੱਦੇ ਉਤੇ ਅਪਣੀ ਰਣਨੀਤੀ ਉਤੇ ਚਰਚਾ ਕਰਨ ਲਈ ਇੰਡੀਆ ਬਲਾਕ ਪਾਰਟੀ ਦੇ ਨੇਤਾ 7 ਅਗਸਤ ਨੂੰ ਡਿਨਰ ਮੀਟਿੰਗ ਕਰਨਗੇ। ਇਹ ਬੈਠਕ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਦਾ ਐਲਾਨ ਹੋ ਚੁੱਕਾ ਹੈ ਅਤੇ ਕਈ ਵਿਰੋਧੀ ਨੇਤਾਵਾਂ ਨੇ ਸੰਕੇਤ ਦਿਤੇ ਹਨ ਕਿ ਉਹ ਸਾਂਝੇ ਉਮੀਦਵਾਰ ਨੂੰ ਵੀ ਮੈਦਾਨ 'ਚ ਉਤਾਰ ਸਕਦੇ ਹਨ। ਵਿਰੋਧੀ ਪਾਰਟੀਆਂ ਨੇ ਬਿਹਾਰ 'ਚ ਐਸ.ਆਈ.ਆਰ. ਅਭਿਆਸ ਉਤੇ ਖਦਸ਼ਾ ਜ਼ਾਹਰ ਕਰਦਿਆਂ ਚੇਤਾਵਨੀ ਦਿਤੀ ਹੈ ਕਿ ਇਸ ਨਾਲ ਬਹੁਤ ਸਾਰੇ ਲੋਕ ਵੋਟ ਤੋਂ ਵਾਂਝੇ ਹੋ ਜਾਣਗੇ ਅਤੇ ਉਨ੍ਹਾਂ ਨੇ ਇਸ ਨੂੰ 'ਵੋਟ ਬੰਦੀ' ਅਤੇ 'ਵੋਟ ਚੋਰੀ' ਕਰਾਰ ਦਿਤਾ ਹੈ। 'ਇੰਡੀਆ' ਬਲਾਕ ਦੀਆਂ ਪਾਰਟੀਆਂ ਸੰਸਦ ਦੇ ਅੰਦਰ ਅਤੇ ਬਾਹਰ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਹਨ।

# ਯੂਪੀ ਦੇ ਗੋਂਡਾ ਵਿੱਚ ਕਾਰ ਨਹਿਰ ਵਿੱਚ ਡਿੱਗੀ, 11 ਲੋਕਾਂ ਦੀ ਮੌਤ

**ਗੋਂਡਾ।** ਉੱਤਰ ਪ੍ਰਦੇਸ਼ ਦੇ ਗੋਂਡਾ ਜ਼ਿਲ੍ਹੇ ਵਿੱਚ ਇਤੀਆਥੋਕ ਥਾਣਾ ਖੇਤਰ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ। ਇੱਕ ਕਾਰ ਨਹਿਰ ਵਿੱਚ ਡਿੱਗ ਗਈ, ਜਿਸ ਵਿੱਚ 15 ਵਿੱਚੋਂ 11 ਲੋਕਾਂ ਦੀ ਮੌਤ ਹੋ ਗਈ। ਸਾਰੇ ਲੋਕ ਪ੍ਰਿਥਵੀਨਾਥ ਮੰਦਰ ਵਿੱਚ ਪੂਜਾ ਕਰਨ ਜਾ ਰਹੇ ਸਨ। ਘਟਨਾ ਦੀ ਵੀਡੀਓ ਸਾਹਮਣੇ ਆਈ ਹੈ ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਪੁਲਿਸ ਨੇ ਦੱਸਿਆ ਕਿ ਗੋਂਡੀਆ ਜ਼ਿਲ੍ਹੇ ਦੇ ਇਤੀਆਥੋਕ ਖੇਤਰ ਵਿੱਚ ਇੱਕ ਐਸਯੂਵੀ ਸਰਯੂ ਨਹਿਰ ਵਿੱਚ ਡਿੱਗਣ ਨਾਲ 11 ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਚਾਰ ਲੋਕ ਜ਼ਖਮੀ ਹੋ ਗਏ। ਇਸ ਦੌਰਾਨ, ਇੱਕ ਰੋ ਰਹੀ ਕੁੜੀ ਦਾ ਵੀਡੀਓ ਸਾਹਮਣੇ ਆਇਆ ਹੈ। ਇਸ ਵੀਡੀਓ ਵਿੱਚ ਉਹ



ਕਹਿੰਦੀ ਦਿਖਾਈ ਦੇ ਰਹੀ ਹੈ ਕਿ ਅਸੀਂ ਹੱਸਦੇ-ਖੇਡਦੇ ਜਾ ਰਹੇ ਸੀ। ਅਸੀਂ ਪੂਜਾ ਕਰਨ ਜਾ ਰਹੇ ਸੀ। ਅਚਾਨਕ ਮੈਨੂੰ ਨਹੀਂ ਪਤਾ ਕੀ ਹੋਇਆ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਗੋਂਡਾ ਵਿੱਚ ਹੋਏ ਹਾਦਸੇ ਦਾ ਨੋਟਿਸ ਲਿਆ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਨੇ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਭੇਜਿਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਸਹੀ ਇਲਾਜ ਕਰਵਾਉਣ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਵੀ ਕੀਤੀ। ਮੁੱਖ ਮੰਤਰੀ ਯੋਗੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦੇ ਵੀ ਨਿਰਦੇਸ਼ ਦਿੱਤੇ ਹਨ।

# ਅਮਰੀਕਾ : ਕਾਰ ਹਾਦਸੇ 'ਚ ਭਾਰਤੀ ਮੂਲ ਦੇ 4 ਬਜ਼ੁਰਗਾਂ ਦੀ ਮੌਤ



**ਨਿਊਯਾਰਕ ।** ਅਮਰੀਕੀ ਸੂਬੇ ਪਛਮੀ ਵਰਜੀਨੀਆ 'ਚ ਇਕ ਕਾਰ ਹਾਦਸੇ ਕਾਰਨ ਭਾਰਤੀ ਮੂਲ ਦੇ ਚਾਰ ਬਜ਼ੁਰਗਾਂ ਦੀ ਮੌਤ ਹੋ ਗਈ। ਮਾਰਸ਼ਲ ਕਾਊਂਟੀ ਸ਼ੈਰਿਫ ਮਾਈਕ ਡੌਗਰਟੀ ਨੇ ਇਕ ਬਿਆਨ ਵਿਚ ਕਿਹਾ ਕਿ ਕਿਸ਼ੋਰ ਦੀਵਾਨ, ਆਸ਼ਾ ਦੀਵਾਨ, ਸ਼ੈਲੇਸ਼ ਦੀਵਾਨ ਅਤੇ ਗੀਤਾ ਦੀਵਾਨ ਇਕ ਸੜਕੀ ਹਾਦਸੇ ਵਿਚ ਮ੍ਰਿਤਕ ਪਾਏ ਗਏ। ਇਹ ਚਾਰੇ ਵਿਅਕਤੀ ਨਿਊਯਾਰਕ ਦੇ ਬਫੇਲੋ ਤੋਂ ਲਾਪਤਾ ਦੱਸੇ ਜਾ ਰਹੇ ਸਨ। ਉਨ੍ਹਾਂ ਦੀ ਗੱਡੀ 2 ਅਗੱਸਤ ਨੂੰ ਰਾਤ ਕਰੀਬ 9:30 ਵਜੇ ਪਛਮੀ ਵਰਜੀਨੀਆ ਦੇ ਮਾਰਸ਼ਲ ਕਾਊਂਟੀ ਵਿਚ ਇਕ ਸੜਕ ਤੋਂ ਹੇਠਾਂ ਉਤਰੀ ਮਿਲੀ ਸੀ। ਨਿਊਯਾਰਕ ਸਟੇਟ ਗਵਰਨਰ ਕੈਥੀ ਹੋਚੁਲ ਦੇ ਦਫਤਰ ਵਿਚ ਏਸ਼ੀਆਈ ਅਮਰੀਕੀ ਅਤੇ ਪ੍ਰਸ਼ਾਂਤ ਟਾਪੂ ਮਾਮਲਿਆਂ ਦੇ ਨਿਰਦੇਸ਼ਕ ਸਿਬੂ ਨਾਇਰ ਨੇ ਨੇ ਦਸਿਆ ਕਿ ਉਹ ਹਲਕੇ ਹਰੇ ਰੰਗ ਦੀ ਕਾਰ ਚਲਾ ਰਹੇ ਸਨ ਅਤੇ ਉਨ੍ਹਾਂ ਨੂੰ ਆਖਰੀ ਵਾਰ ਪੈਨਸਿਲਵੇਨੀਆ ਦੇ ਏਰੀ 'ਚ ਇਕ ਫਾਸਟ ਫੂਡ ਜੁਆਇੰਟ ਵਿਚ ਵੇਖਿਆ ਗਿਆ ਸੀ।

# ਰੂਸੀ ਤੇਲ ਡਿਪੂ 'ਚ ਯੂਕਰੇਨੀ ਡਰੋਨ ਹਮਲੇ ਕਾਰਨ ਲੱਗੀ ਭਾਰੀ ਅੱਗ



**ਮਾਸਕੋ:** ਰੂਸੀ ਅਧਿਕਾਰੀਆਂ ਨੇ ਐਤਵਾਰ ਨੂੰ ਕਿਹਾ ਕਿ ਸੋਚੀ ਦੇ ਰੂਸੀ ਕਾਲੇ ਸਾਗਰ ਰਿਜ਼ੋਰਟ ਦੇ ਨੇੜੇ ਇੱਕ ਤੇਲ ਡਿਪੂ 'ਤੇ ਯੂਕਰੇਨੀ ਡਰੋਨ ਹਮਲੇ ਕਾਰਨ ਭਾਰੀ ਅੱਗ ਲੱਗ ਗਈ।

ਕ੍ਰਾਸਨੋਦਰ ਖੇਤਰ ਦੇ ਗਵਰਨਰ ਵੇਨਿਆਮਿਨ ਕੋਂਡਰਾਤਯੇਵ ਨੇ ਟੈਲੀਗ੍ਰਾਮ 'ਤੇ ਕਿਹਾ ਕਿ ਇੱਕ ਡਰੋਨ ਦਾ ਮਲਬਾ ਇੱਕ ਬਾਲਣ ਟੈਂਕ 'ਤੇ ਡਿੱਗਣ ਕਾਰਨ ਇੱਕ ਵੱਡੀ ਅੱਗ ਲੱਗ ਗਈ, ਜਿਸ ਨੂੰ ਬੁਝਾਉਣ ਲਈ 120 ਤੋਂ ਵੱਧ ਫਾਇਰਫਾਈਟਰ ਤਾਇਨਾਤ ਕੀਤੇ ਗਏ ਸਨ। ਸੋਸ਼ਲ ਮੀਡੀਆ 'ਤੇ ਘਟਨਾ ਦੀਆਂ ਵੀਡੀਓਜ਼ ਵਿੱਚ ਤੇਲ ਡਿਪੂ ਦੇ ਉੱਪਰ ਧੂੰਏਂ ਦੇ ਵੱਡੇ ਬੱਦਲ ਉੱਠਦੇ ਦਿਖਾਈ ਦਿੱਤੇ। ਰੂਸ ਦੀ ਸਿਵਲ ਏਵੀਏਸ਼ਨ ਅਥਾਰਟੀ, ਰੋਸਾਵੀਆਤਸੀਆ ਨੇ ਸੋਚੀ ਹਵਾਈ ਅੱਡੇ 'ਤੇ ਅਸਥਾਈ ਤੌਰ 'ਤੇ ਉਡਾਣਾਂ ਨੂੰ ਮੁਅੱਤਲ ਕਰ ਦਿੱਤਾ ਹੈ। ਵੋਰੋਨੇਜ਼ ਖੇਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਇੱਕ ਹੋਰ ਯੂਕਰੇਨੀ ਡਰੋਨ ਹਮਲੇ ਵਿੱਚ ਚਾਰ ਲੋਕ ਜ਼ਖਮੀ ਹੋਏ ਹਨ। ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸਦੀ ਹਵਾਈ ਰੱਖਿਆ ਪ੍ਰਣਾਲੀ ਨੇ ਐਤਵਾਰ ਰਾਤ ਤੱਕ ਰੂਸ ਅਤੇ ਕਾਲੇ ਸਾਗਰ ਉੱਤੇ 93 ਯੂਕਰੇਨੀ ਡਰੋਨਾਂ ਨੂੰ ਡੇਗ ਦਿੱਤਾ। ਇਸ ਦੌਰਾਨ, ਦੱਖਣੀ ਯੂਕਰੇਨ ਦੇ ਮਾਈਕੋਲਾਈਵ ਸ਼ਹਿਰ ਵਿੱਚ ਇੱਕ ਰਿਹਾਇਸ਼ੀ ਖੇਤਰ ਵਿੱਚ ਇੱਕ ਰੂਸੀ ਮਿਜ਼ਾਈਲ ਹਮਲੇ ਨੇ ਹਮਲਾ ਕੀਤਾ, ਜਿਸ ਵਿੱਚ ਸੱਤ ਲੋਕ ਜ਼ਖਮੀ ਹੋ ਗਏ, ਰਾਜ ਐਮਰਜੈਂਸੀ ਸੇਵਾਵਾਂ ਨੇ ਰਿਪੋਰਟ ਦਿੱਤੀ। ਯੂਕਰੇਨੀ ਹਵਾਈ ਸੈਨਾ ਨੇ ਐਤਵਾਰ ਨੂੰ ਕਿਹਾ ਕਿ ਰੂਸ ਨੇ ਯੂਕਰੇਨ 'ਤੇ 76 ਡਰੋਨ ਅਤੇ ਸੱਤ ਮਿਜ਼ਾਈਲਾਂ ਦਾਗੀਆਂ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington, Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਫਿਰੋਜ਼ਪੁਰ ਤੋਂ ਅਮਰਨਾਥ ਲਈ ਲੰਗਰ ਸੇਵਾ 'ਤੇ ਜਾ ਰਹੇ ਸ਼ਰਧਾਲੂਆਂ ਦੀ ਕਾਰ ਖਾਈ 'ਚ ਡਿੱਗੀ



**ਫਿਰੋਜ਼ਪੁਰ।** ਫਿਰੋਜ਼ਪੁਰ ਤੋਂ ਸ੍ਰੀ ਅਮਰਨਾਥ ਲੰਗਰ ਸੇਵਾ ਲਈ ਜਾ ਰਹੇ ਸ਼ਰਧਾਲੂਆਂ ਦੀ ਕਾਰ ਕਠੂਆ ਨੇੜੇ ਖੱਡ ਵਿੱਚ ਡਿੱਗ ਗਈ। ਇਸ ਹਾਦਸੇ ਦੌਰਾਨ ਦੋ ਵਿਅਕਤੀਆਂ ਮੌਤ ਹੋ ਗਈ। ਜਦਕਿ ਇਸ ਹਾਦਸੇ ਦੌਰਾਨ ਤਿੰਨ ਹੋਰ ਸਰਧਾਲੂ ਗੰਭੀਰ ਜ਼ਖਮੀ ਹੋਏ ਹਨ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਮ੍ਰਿਤਕਾਂ ਦੀ ਪਹਿਚਾਣ ਪਵਨ ਕੁਮਾਰ ਉਰਫ ਪੰਮਾ ਫਿਰੋਜ਼ਪੁਰ ਵਜੋਂ ਅਤੇ ਦੂਜਾ ਮ੍ਰਿਤਕ ਲੁਧਿਆਣਾ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਮ੍ਰਿਤਕ ਪਵਨ ਕੁਮਾਰ ਪੰਮਾ ਦੀ ਪਤਨੀ ਨੇ ਦੱਸਿਆ ਕਿ ਘਰ ਵਿੱਚ ਕਮਾਉਣ ਵਾਲਾ ਪਵਨ ਕੁਮਾਰ ਹੀ ਸੀ ਅਤੇ ਉਸ ਦੇ ਆਸਰੇ ਘਰ ਦਾ ਗੁਜਾਰਾ ਚਲਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਉਹ ਹਰ ਸਾਲ ਅਮਰਨਾਥ ਲੰਗਰ ਸੇਵਾ ਲਈ ਜਾਂਦੇ ਸਨ। ਪਰ ਇਸ ਵਾਰ ਇਹ ਭਾਣਾ ਵਾਪਰ ਗਿਆ ਹੈ ਅਤੇ ਘਟਨਾ ਦਾ ਪਤਾ ਚਲਦਿਆਂ ਪੂਰੇ ਇਲ-ਾਕੇ ਵਿੱਚ ਸੋਗ ਦੀ ਲਹਿਰ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਇਲਾਜ ਲਈ ਮਾਂ ਨੂੰ ਪਿੱਠ ’ਤੇ ਚੁੱਕ ਕੇ 5 ਕਿਲੋਮੀਟਰ ਤੁਰੀ ਧੀ, ਨਹੀਂ ਬਚੀ ਜਾਨ



**ਓੜੀਸਾ।** ਓੜੀਸਾ ਦੇ ਕੰਧਮਾਲ ਜ਼ਿਲ੍ਹੇ ’ਚ ਮਾਂ ਦੀ ਜਾਨ ਬਚਾਉਣ ਲਈ 15 ਸਾਲਾ ਧੀ ਉਸਨੂੰ ਪਿੱਠ ’ਤੇ ਚੁੱਕ ਕੇ ਜੰਗਲ ਰਾਹੀਂ 5 ਕਿਲੋਮੀਟਰ ਤੱਕ ਪੈਦਲ ਤੁਰੀ। ਇਸ ਤੋਂ ਬਾਅਦ ਇਕ ਵਿਅਕਤੀ ਦੀ ਮਦਦ ਨਾਲ ਮੋਟਰਸਾਈਕਲ ’ਤੇ ਉਨ੍ਹਾਂ ਨੂੰ ਐਂਬੂਲੈਂਸ ਤੱਕ ਪਹੁੰਚਾਇਆ ਗਿਆ। ਜਦਕਿ ਹਸਪਤਾਲ ਤੱਕ ਪਹੁੰਚਦਿਆਂ ਰਸਤੇ ਵਿਚ ਹੀ ਮਹਿਲਾ ਦੀ ਮੌਤ ਗਈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਡੁਮੇਰੀ ਪਿੰਡ ’ਚ ਬਾਲਾਮਾਦੂ ਮਾਝੀ ਨਾਮੀ ਇਕ ਮਹਿਲਾ ਨੂੰ ਸੌਂਦੇ ਸਮੇਂ ਜ਼ਹਿਰੀਲੇ ਸੱਪ ਨੇ ਡੱਸ ਲਿਆ ਸੀ। ਮਹਿਲਾ ਨੂੰ ਹਸਪਤਾਲ ਪਹੁੰਚਾਉਣ ਲਈ ਤੁਰੰਤ 108 ਐਂਬੂਲੈਂਸ ਸੇਵਾ ਨੂੰ ਫੋਨ ਕੀਤਾ ਗਿਆ, ਪਰ ਪਿੰਡ ਤੱਕ ਸੜਕ ਨਾ ਹੋਣ ਕਾਰਨ ਐਂਬੂਲੈਂਸ ਨੇੜਲੇ ਪਿੰਡ ਸਾਰਾਮੁੰਡੀ ਤੱਕ ਹੀ ਪਹੁੰਚ ਸਕੀ। ਜੋ ਮਹਿਲਾ ਦੇ ਪਿੰਡ ਤੋਂ ਅੱਠ ਕਿਲੋਮੀਟਰ ਦੂਰ ਹੈ। ਕੋਈ ਹੋਰ ਬਦਲ ਨਾ ਹੋਣ ਕਾਰਨ 15 ਸਾਲਾ ਧੀ ਨੇ ਮਾਂ ਨੂੰ ਪਿੱਠ ’ਤੇ ਚੁੱਕਿਆ ਤੇ ਜੰਗਲ ਦੇ ਰਸਤੇ ਤੁਰਦੀ ਹੋਈ ਪੰਜ ਕਿਲੋਮੀਟਰ ਦੂਰ ਸਾਰਾਮੁੰਡੀ ਪੁੱਜੀ। ਜਿੱਥੋਂ ਉਸ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਪਰ ਮਹਿਲਾ ਰਸਤੇ ’ਚ ਹੀ ਦਮ ਤੋੜ ਗਈ।

## ਖੁਦਕੁਸ਼ੀ ਕਰਨ ਵਾਲੇ ਦੋ ਟਰੱਕ ਡਰਾਈਵਰਾਂ ਦੇ ਪੁੱਤਰਾਂ ਨੂੰ ਮਿਲੀ ਪੰਜਾਬ ਪੁਲਿਸ ਦੀ ਨੌਕਰੀ





**ਪਾਤੜਾਂ** : ਪਟਿਆਲਾ ਜ਼ਿਲ੍ਹੇ ਅਧੀਨ ਆਉਂਦੇ ਪਾਤੜਾਂ ਦੇ ਪਿੰਡ ਨਿਆਲ ਵਿਖੇ ਬੀਤੇ ਦਿਨੀਂ ਦੋ ਟਰੱਕ ਡਰਾਈਵਰਾਂ ਨੇ ਸਲਫਾਸ ਪੀ ਕੇ ਵੀਡੀਓ ਬਣਾਉਣ ਤੋਂ ਬਾਅਦ ਖੁਦਕੁਸ਼ੀ ਕਰ ਲਈ ਸੀ। ਜਿਸ ਤੋਂ ਬਾਅਦ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਕਿਸਾਨ ਜਥੇਬੰਦੀਆਂ ਵੱਲੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਸੀ ਅਤੇ ਪੰਜਾਬ ਸਰਕਾਰ ਤੋਂ ਦੋਵੇਂ ਪਰਿਵਾਰਾਂ ਦੇ ਇਕ-ਇਕ ਨੌਜਵਾਨ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਐਸਐਸਪੀ ਪਟਿਆਲਾ ਵਰੁਣ ਸ਼ਰਮਾ ਵੱਲੋਂ ਦੋਵੇਂ ਪਰਿਵਾਰਾਂ ਦੀ ਮੰਗ ਨੂੰ ਪੰਜਾਬ ਦੇ ਡੀਜੀਪੀ ਤੱਕ ਪਹੁੰਚਾਇਆ ਗਿਆ ਅਤੇ ਡੀਜੀਪੀ ਨੇ ਦੋ ਨੌਜਵਾਨਾਂ ਪੰਜਾਬ ਪੁਲਿਸ ਵਿਚ ਨੌਕਰੀ ਦੇਣ ਲਈ ਪ੍ਰਵਾਨਗੀ ਦੇ ਦਿੱਤੀ। ਐਸਪੀ ਸਿਟੀ ਅਤੇ ਪੰਜਾਬ ਪੁਲਿਸ ਦੇ ਕੁੱਝ ਹੋਰ ਅਧਿਕਾਰੀਆਂ ਨੇ ਨਿਆਲ ਪਿੰਡ ਪਹੁੰਚ ਕੇ ਪੀੜਤ ਪਰਿਵਾਰਾਂ ਦੇ ਇਕ-ਇਕ ਨੌਜਵਾਨ ਨੂੰ ਪੰਜਾਬ ਪੁਲਿਸ ਦੀ ਨੌਕਰੀ ਲਈ ਨਿਯੁਕਤੀ ਪੱਤਰ ਸੌਂਪਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਅਸੀਂ ਦੁਨੀਆ ਤੋਂ ਚਲੇ ਗਏ ਦੋਵੇਂ ਟਰੱਕ ਡਰਾਈਵਰਾਂ ਨੂੰ ਵਾਪਸ ਤਾਂ ਨਹੀਂ ਲਿਆ ਸਕਦੇ ਪਰ ਪੰਜਾਬ ਸਰਕਾਰ ਨੇ ਪੀੜਤ ਪਰਿਵਾਰਾਂ ਦੀ ਮਦਦ ਕਰਦਿਆਂ ਇਕ-ਇਕ ਨੌਜਵਾਨ ਸਰਕਾਰੀ ਨੌਕਰੀ ਦੇ ਦਿੱਤੀ ਹੈ।

## ਪ੍ਰਸਿੱਧ ਕਾਮੇਡੀਅਨ ਮਦਨ ਬੌਬ ਕੈਂਸਰ ਤੋਂ ਹਾਰੇ ਜ਼ਿੰਦਗੀ ਦੀ ਜੰਗ



**ਨਵੀਂ ਦਿਲੀ।** ਪ੍ਰਸਿੱਧ ਕਾਮੇਡੀਅਨ ਅਤੇ ਤਾਮਿਲ ਸਿਨੇਮਾ ਦੇ ਅਦਾਕਾਰ ਮਦਨ ਬੌਬ ਦਾ 71 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਪਿਛਲੇ ਲੰਬੇ ਸਮੇਂ ਤੋਂ ਕੈਂਸਰ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਚੇਨਈ ਸਥਿਤ ਆਪਣੇ ਘਰ ’ਚ ਹੀ ਆਖਰੀ ਸਾਹ ਲਿਆ। ਉਨ੍ਹਾਂ ਦੀ ਮੌਤ ਤੋਂ ਬਾਅਦ ਦੱਖਣੀ ਫਿਲਮ ਇੰਡਸਟਰੀ ਅਤੇ ਉਨ੍ਹਾਂ ਦੇ ਚਾਹੁਣ ਵਾਲਿਆਂ ’ਚ ਸੋਗ ਦੀ ਲਹਿਰ ਦੌੜ ਗਈ। ਮਦਨ ਬੌਬ ਦਾ ਅਸਲੀ ਨਾਮ ਐਸ. ਕ੍ਰਿਸ਼ਨਾਮੂਰਤੀ ਸੀ ਅਤੇ ਉਨ੍ਹਾਂ 200 ਤੋਂ ਵੱਧ ਤਾਮਿਲ ਫਿਲਮਾਂ ਵਿੱਚ ਕੰਮ ਕੀਤਾ ਅਤੇ ਉਹ ਲਗਭਗ ਹਰ ਘਰ ਦੇ ਚਹੇਤੇ ਕਾਮੇਡੀਅਨ ਬਣ ਗਏ ਸਨ। ਉਨ੍ਹਾਂ 1980 ’ਚ ਫਿਲਮਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਉਨ੍ਹਾਂ ਨੂੰ ‘ਨੇਗਲ ਕੇਟਾਵਈ’, ‘ਵਾਨਮੇ ਏਲਾਈ’ ਅਤੇ ‘ਥੇਵਰ ਮਗਨ’ ਵਰਗੀਆਂ ਫਿਲਮਾਂ ਤੋਂ ਪਛਾਣ ਮਿਲੀ। ਇਸ ਤੋਂ ਬਾਅਦ ਉਨ੍ਹਾਂ ‘ਸਾਥੀ ਲੀਲਾਵਤੀ’, ‘ਚੰਦਰਮੁਖੀ’, ‘ਕਾਵਲਨ’, ‘ਰਨ’, ‘ਵਰਾਲੂਰੂ’ ਅਤੇ ‘ਵਾਸੂਲ ਰਾਜਾ ਐਮਬੀਬੀਐਸ’ ਵਰਗੀਆਂ ਹਿੱਟ ਕਾਮੇਡੀ ਫਿਲਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਮਦਨ ਬੌਬ ਨੇ ਰਜਨੀਕਾਂਤ, ਕਮਲ ਹਾਸਨ, ਵਿਜੇ, ਸੂਰਿਆ ਅਤੇ ਅਜੀਤ ਵਰਗੇ ਵੱਡੇ ਸਿਤਾਰਿਆਂ ਨਾਲ ਸਕ੍ਰੀਨ ਸਾਂਝੀ ਕੀਤੀ ਸੀ। ਫਿਲਮਾਂ ਤੋਂ ਇਲਾਵਾ ਮਦਨ ਬੌਬ ਛੋਟੇ ਪਰਦੇ ’ਤੇ ਵੀ ਬਹੁਤ ਮਸ਼ਹੂਰ ਸਨ। ਉਹ ਆਪਣੇ 8 ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਬਹੁਤ ਘੱਟ ਲੋਕ ਜਾਣਦੇ ਹਨ ਕਿ ਮਦਨ ਬੌਬ ਨਾ ਸਿਰਫ਼ ਇੱਕ ਚੰਗੇ ਅਦਾਕਾਰ ਸਨ, ਸਗੋਂ ਉਹ ਇੱਕ ਸੰਗੀਤਕਾਰ ਵੀ ਸਨ। ਮਦਨ ਬੌਬ ਦੀਆਂ ਯਾਦਾਂ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਰਹਿਣਗੀਆਂ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਸੇਵਾ ਤੇ ਸਿਮਰਨ ਦਾ ਮੁਜੱਸਮਾ ਸਨ- ਬੈਨੀਪਾਲ

**ਲੁਧਿਆਣਾ 3 ਅਗਸਤ (ਕਰਨੈਲ ਸਿੰਘ ਐੱਮ.ਏ.)** ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਭਗਤ ਪੂਰਨ ਸਿੰਘ ਜੀ ਦੀ ਬਰਸੀ ਨੂੰ ਸਮਰਪਿਤ ਅਯੋਜਿਤ ਗਿਆ ਕੀਤੇ ਗਏ ਗੁਰਮਤਿ ਸਮਾਗਮ ਦੌਰਾਨ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦ-ਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਸੇਵਾ ਤੇ ਸਿਮਰਨ ਦਾ ਮੁਜੱਸਮਾ ਸਨ । ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਮਾਨਵਤਾ ਦੇ ਨਿਸ਼ਕਾਮ ਸੇਵਾ ਕਾਰਜਾਂ ਅਤੇ ਵਾਤਾਵਰਨ ਦੀ ਸੰਭਾਲ ਨੂੰ ਸਮਰਪਿਤ ਕਰਕੇ ਸੰਸਾਰ ਅੰਦਰ ਸੇਵਾ ਭਾਵਨਾ ਦੀ ਇੱਕ ਨਵੀਂ ਮਿਸਾਲ ਕਾਇਮ ਕੀਤੀ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੀਆਂ ਸਿੱਖਿਆਵਾਂ ਤੇ ਸੇਵਾ ਉਪਦੇਸ਼ਾਂ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਲਈ ਸਾਨੂੰ ਵੱਧ ਤੋਂ ਵੱਧ ਸੇਵਾ ਤੇ ਸਿਮਰਨ ਦੇ ਸਿਧਾਂਤ ਨਾਲ ਜੁੜ ਕੇ ਦੀਨ ਦੁਖੀਆਂ ਦੀ ਸੇਵਾ ਲਈ ਆਪਣੇ ਕਾਰਜ ਹੋਰ ਤੇਜ਼ ਕਰਨੇ



ਪੈਣਗੇ ਤਾਂ ਹੀ ਗੁਰੂ ਨਾਨਕ ਸਾਹਿਬ ਦੀ ਫੁੱਲਵਾੜੀ ਹੋਰ ਮਹਿਕ ਸਕੇਗੀ। ਇਸ ਤੋਂ ਪਹਿਲਾਂ ਬਰਸੀ ਪੁਰਬ ਨੂੰ ਸਮਰਪਿਤ ਕੀਤੇ ਗਏ ਗੁਰਮਤਿ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਪ੍ਰਚਾਰਕ ਤੇ ਕਥਾਵਾਚਕ ਗਿਆਨੀ ਸੁਖਵਿੰਦਰ ਸਿੰਘ ਯੂ.ਕੇ. ਵਾਲਿਆਂ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ ਅਤੇ ਇਕੱਤਰ ਹੋਈਆਂ ਸੰਗਤਾਂ ਨੂੰ ਕਿਹਾ ਕਿ ਮੌਜੂਦਾ ਸਮੇਂ ਅੰਦਰ ਗੁਰੂ ਸਾਹਿਬ ਵੱਲੋਂ ਬਖਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਤੇ ਨੌਜਵਾਨ ਆਪਣੇ ਅੰਦਰ ਭਗਤ ਪੂਰਨ ਸਿੰਘ ਵਾਲੀ ਸੋਚ ਤੇ ਗੁਰਸਿੱਖੀ ਵਾਲਾ ਜ਼ਜਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ, ਮਲਕੀਤ ਸਿੰਘ, ਬਲਬੀਰ ਸਿੰਘ ਤਰਲੋਕ ਸਿੰਘ ਸਚਦੇਵਾ, ਜਗਮੋਹਨ ਸਿੰਘ, ਸਰਬਜੀਤ ਸਿੰਘ ਆਦਿ ਨੇ ਜੈਕਾਰਿਆਂ ਦੀ ਗੂੰਜ ਵਿੱਚ ਕਥਾਵਾਚਕ ਗਿਆਨੀ ਸੁਖਵਿੰਦਰ ਸਿੰਘ ਯੂ.ਕੇ. ਵਾਲਿਆਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ । ਇਸ ਸਮੇਂ ਉਹਨਾਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਯਸ਼ਪਾਲ ਸਿੰਘ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਤੇਜਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਦੀਪ ਸਿੰਘ ਕਾਲੜਾ, ਚਰਨਜੀਤ ਸਿੰਘ ਪਾਇਲ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਜਗਜੀਵਨ ਸਿੰਘ ਸੋਹਨਪਾਲ, ਵੀਰਨਜੀਤ ਸਿੰਘ ਸੋਹਨਪਾਲ, ਦਰਸਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਖੇਡ ਪ੍ਰਮੋਟਰ ਤੀਰਥ ਸਿੰਘ ਗਾਖਲ ਨੂੰ ਪ੍ਰਧਾਨ ਤੇ ਖੇਡ ਪ੍ਰਮੋਟਰ ਬਲਜੀਤ ਸਿੰਘ ਬਾਸੀ ਜੀ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਗੁਰਮੱਖ ਸਿੰਘ ਸੰਧੂ ਜੀ ਨੂੰ ਖਜ਼ਾਨਚੀ ਵਜੋਂ ਨਿਯੁਕਤ ਕੀਤਾ ਗਿਆ

**ਅਮਰੀਕਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਕਿੰਗ ਸਪੋਰਟਸ ਕਲੱਬ ਦੇ ਬੂਟਓ ਦਹਿਲਲੋਨ ,ਬੂਟਓ ਲੋਧੀ ਜੀ ਗੁਰਨੇਕ ਸਿੰਘ ਜੀ ਤੇ ਸਾਰੀ ਕੱਲਬ ਵੱਲੋਂ ਬਹੁਤ ਬਹੁਤ ਵਧਾਈਆਂ ਹੋਣ ਜੀ , ਤੀਰਥ ਸਿੰਘ ਗਾਖਲ ਜੀ ਹਰੇਕ ਸਾਲ ਵੱਡੇ ਬੱਜਟ ਦੇ ਖੇਡ ਮੇਲੇ ਕਰਵਾਉਦੇ ਨੇ ਤੇ ਬਲਜੀਤ ਬਾਸੀ ਜੀ ਆਪਣੇ ਪਿੰਡ ਕਬੱਡੀ ਕੱਪ ਕਰਵਓਦੇ ਨੇ ਤੇ ਗੁਰਮਖ ਸੰਧੂ ਜੀ ਤੇ ਬੂਟਾ ਢਿੱਲੋ ਤੇ ਬੂਟਾ ਲੋਧੀ ਜੀ ਤੇ ਬਲਜੀਤ ਬਾਸੀ ਜੀ ਦਾ ਹਰੇਕ ਸਾਲ ਡੱਲੇਵਾਲ ਦੇ ਕਬੱਡੀ ਕੱਪ ਤੇ ਬਹੁਤ ਵੱਡਾ ਯੋਗਦਾਨ ਹੁੰਦਾ ਹੈ , ਦਿੱਲੀ ਕਿਸਾਨ ਸੰਘਰਸ਼ ਵਿੱਚ ਵੀ ਕਿੰਗ ਸਪੋਰਟਸ ਕਲੱਬ ਤੇ ਚੜਦਾ ਪੰਜਾਬ ਕਲੱਬ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ , ਅਮਰੀਕਾ ਦੇ ਕਬੱਡੀ ਸੀਜ਼ਨ ਵਿੱਚ ਬਲਜੀਤ ਸਿੰਘ ਬਾਸੀ ਜੀ ਤੇ ਉਹਨਾ ਦੇ ਦੋਸਤਾ ਦੀ ਵੱਡੇ ਬੱਜਟ ਦੀ ਕਬੱਡੀ ਟੀਮ ਕੱਪਾ ਤੇ ਖੇਡਦੀ ਹੈ ਤੇ ਪੰਜਾਬ ਵਿੱਚ ਸਹਿਬਜਾਦਾ ਅਜੀਤ ਸਿੰਘ ਤੇ ਸਹਿਬਜਾਦਾ ਜੁਝਾਰ ਸਿੰਘ ਅਕੈਡਮੀ ਚਮਕੌਰ




ਸਾਹਿਬ ਖੇਡਦੀ ਹੈ ਜਿਸ ਦੀ ਸਪੋਟ ਕਿੰਗ ਸਪੋਰਟਸ ਕਲੱਬ ਤੇ ਚੜ੍ਹਦਾ ਪੰਜਾਬ ਕੱਲਬ ਕਰਦਾ ਹੈ ਪਿਆਰ ਹੈ ਇੰਟਰਨੈਸਨਲ ਕਬੱਡੀ ਕੋਚ ਦਵਿੰਦਰ ਸਿੰਘ ਜੀ ਨਾਲ , ਇੱਕ ਵਾਰ ਫਿਰ ਬਹੁਤ ਬਹੁਤ ਵਧਾਈਆਂ ਹੋਣ ਜੀ ਚੁਣੇ ਗਏ ਮੈਬਰਾਂ ਨੂੰ ਵਾਹਿਗੁਰੂ ਜੀ ਮੇਹਰ ਭਰਿਆ ਹੱਥ ਰੱਖਣ ਤੇ ਹੋਰ ਤਰੱਕੀਆਂ ਦੇਣ।

## ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਦੇ ਵਿਦਿਆਰਥੀਆਂ ਨੂੰ ਇਤਿਹਾਸਿਕ ਸਥਾਨ ਖਟਕੜ ਕਲਾਂ ਦੀ ਕਰਵਾਈ ਯਾਤਰਾ



**ਫਿਲੌਰ/ਅੱਪਰਾ (ਦੀਪਾ)-** ਸਥਾਨਕ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਦੇ ਪਹਿਲੀ ਕਲਾਸ ਤੋਂ ਤੀਸਰੀ ਕਲਾਸ ਦੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਕੁਰਨੇਸ਼ ਨੰਦਾ ਤੇ ਸਕੂਲ ਡਾਇਰੈਕਟਰ ਸੰਦੀਪ ਰਾਣਾ ਦੀ ਅਗਵਾਈ ਹੇਠ ਇਤਿਹ-ਾਸਿਕ ਸਥਾਨ ਤੇ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਦੀ ਯਾਤਰਾ ਕਰਵਾਈ ਗਈ । ਪ੍ਰਿੰਸੀਪਲ ਕੁਰਨੇਸ਼ ਨੰਦਾ ਨੇ ਦੱਸਿਆ ਕਿ ਇਸ ਯਾਤਰਾ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਗਿਆਨ 'ਚ ਵਾਧਾ ਕਰਨਾ ਤੇ ਉਨਾਂ ਦੀ ਸੋਚ ਨੂੰ ਪ੍ਰਫੁਲਿੱਤ ਕਰਨਾ ਹੈ । ਵਿਦਿਆਰਥੀਆਂ ਨੇ ਵੀ ਇਸ ਵਿੱਦਿਅਕ ਤੇ ਇਤਿਹਾਸਿਕ ਯਾਤਰਾ ਦਾ ਭਰਪੂਰ ਆਨੰਦ ਲਿਆ । ਇਸ ਮੌਕੇ ਸ੍ਰੀਮਤੀ ਅਮਨਦੀਪ ਕੌਰ, ਪ੍ਰੀਤੀ, ਮਨਪ੍ਰੀਤ ਕੌਰ, ਪ੍ਰਿਆ ਤੇ ਸਮੂਹ ਸਟਾਫ ਮੈਂਬਰ ਵੀ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਾਂਗਰਸ ਦੀ ਮਜ਼ਬੂਤੀ ਲਈ ਹਲਕਾ ਪੂਰਬੀ ’ਚ ਗੁਰਮੇਲ ਸਿੰਘ ਪਹਿਲਵਾਨ ਦੀ ਅਗਵਾਈ ਹੇਠ ਹੋਈ ਮੀਟਿੰਗ

## 2027 ਵਿੱਚ ਕਾਂਗਰਸ ਪਾਰਟੀ ਭਾਰੀ ਬਹੁਮਤ ਨਾਲ ਪੰਜਾਬ ਵਿੱਚ ਸਰਕਾਰ ਬਣਾਏਗੀ – ਪਹਿਲਵਾਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਸ੍ਰ: ਗੁਰਮੇਲ ਸਿੰਘ ਪਹਿਲਵਾਨ ਦੀ ਪ੍ਰਧਾਨਗੀ ਹੇਠ ਕਾਂਗਰਸ ਦੀ ਮਜਬੂਤੀ ਲਈ ਇੱਕ ਅਹਿਮ ਮੀਟਿੰਗ ਗੁਰਮੇਲ ਸਿੰਘ ਪਹਿਲਵਾਨ ਦੀ ਪ੍ਰਧਾਨਗੀ ਹੇਠ ਵਿਧਾਨ ਸਭਾ ਹਲਕਾ ਪੂਰਬੀ ਵਿਖੇ ਉਨ੍ਹਾਂ ਦੇ ਗ੍ਰਹਿ ਵਿਖੇ ਹੋਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਟਕਸਾਲੀ ਕਾਂਗਰਸੀ ਆਗੂ ਅਤੇ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਕਾਂਗਰਸੀ ਆਗੂ ਸ੍ਰ: ਗੁਰਮੇਲ ਸਿੰਘ ਪਹਿ-ਲਵਾਨ ਨੇ ਕਾਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਦੌਰਾਨ ਜਿਥੇ ਉਦਯੋਗ ਬੁਲੰਦੀਆਂ ਤੇ ਪਹੁੰਚ ਜਾਂਦੇ ਹਨ ਅਤੇ ਪੰਜਾਬ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰ-ਜਕਾਲ ਦੌਰਾਨ ਸੜਕਾਂ ਦਾ ਬੁਰਾ ਹਾਲ ਹੈ ਜੋ ਸਭ ਜਾਣਦੇ ਹਨ। ਉਨ੍ਹਾਂ ਕਿਹਾ ਕਿ ਇਸ ਕਰਕੇ ‘ਆਪ‘ ਸਰਕਾਰ ਲੋਕ ਮਨਾਂ ’ਚ ਉਤਰ ਚੁੱਕੀ ਹੈ ਅਤੇ ਸਮੁੱਚੇ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਨੂੰ ਪਿਆਰ ਕਰਦੇ ਹਨ । ਉਨ੍ਹਾਂ 2027 ’ਚ ਕਾਂਗਰਸ ਦੀ ਸਰਕਾਰ ਬਣਾਉਣ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਡੇ ਫਰਕ ਨਾਲ ਜਿੱਤ ਦਰਜ ਕਰਕੇ ਆਪਣੀ ਸਰਕਾਰ ਬਣਾਏਗੀ, ਕਿਉਂਕਿ ਪੰਜਾਬ ਦੇ ਜਨਤਾ ਨੂੰ ਪਤਾ ਹੈ ਕਿ ਕਾਂਗਰਸ ਪਾਰਟੀ ਹੀ ਦੇਸ਼ ਦਾ ਤੇ ਪੰਜਾਬ ਦਾ ਭਲਾ ਕਰ ਸਕਦੀ ਹੈ । ਉਨ੍ਹਾਂ ਕਿਹਾ ਕਿ ਹੁਣ ਹਾਲਾਤ ਇਹ ਹਨ ਕਿ ਪੰਜਾਬ ਡਾਵਾਂਡੋਲ ਹੋ ਰਹੇ ਕਾਨੂੰਨ ਵਿਵਸਥਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਏ ਦਿਨ ਹੋ ਰਹੀਆਂ ਲੁੱਟ-ਖਸੁੱਟ ਦੀਆਂ ਵਾਰਦਾਤਾਂ ਤੋਂ ਸੂਬੇ ਦੇ ਲੋਕ ਤੰਗ ਆ ਚੁੱਕੇ ਹਨ, ਜਿਸ ਕਰਕੇ ਹਰ ਇੱਕ ਵਿਅਕਤੀ ਡਰ ਅਤੇ ਸਹਿਮ ਦੇ ਮਾਹੌਲ ਵਿੱਚ ਜਿਓਣ ਲਈ ਮਜ਼ਬੂਰ ਹੈ। ਇਸ ਮੌਕੇ ਉਨ੍ਹਾਂ ਲੈਂਡ ਪੂਲਿੰਗ ਨੀਤੀ ਦੀ ਵਿਰੋਧਤਾ ਕਰਦੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨਾਲ ਵੱਡਾ ਧੋਖਾ ਕਰਨ ਦਾ ਮਨ ਬਣਾਈ ਬੈਠੀ ਹੈ ਜਿਸ ਨੂੰ ਕਾਂਗਰਸ ਪਾਰਟੀ ਹਰਗਿਜ਼ ਵੀ ਬਰਦਾਸ਼ਤ ਨਹੀਂ ਕਰੇਗੀ। ਸ੍ਰ: ਗੁਰਮੇਲ ਸਿੰਘ ਪਹਿਲਵਾਨ ਨੇ ਕਿਹਾ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਕੰਮ ਕਰਨਗੇ। ਇਸ ਮੌਕੇ ਸ੍ਰੀ ਸੰਜੇ ਸ਼ਰਮਾਂ ਸਾਬਕਾ ਬਲਾਕ ਪ੍ਰਧਾਨ, ਰਾਜ ਕੁਮਾਰ ਰਾਜੂ, ਹਰਜਿੰਦਰ ਸਿੰਘ ਰਹਮੀ, ਸੁਰਿੰਦਰ ਸਿੰਘ ਮਾਸਕੋ, ਭੁਪਿੰਦਰ ਸਿੰਘ ਚੌਹਾਨ, ਸੰਨੀ ਪਹੁਜਾ ਜ਼ਿਲਾ ਮੀਤ ਪ੍ਰਧਾਨ, ਹਰਜਿੰਦਰ ਸਿੰਘ ਮਿੰਟਾਂ, ਸੰਤੋਖ ਸਿੰਘ, ਅਜੀਤ ਪਵਾਰ ਜੀਤਾ, ਸੁਰਿੰਦਰ ਸਿੰਘ ਮੀਟਾ, ਰਮਨ ਜਗਦੰਬਾ, ਅਮਨ ਕੁਮਾਰ, ਇਕਬਾਲ ਸਿੰਘ, ਸੋਮ ਦੱਤ, ਮਨੋਜ ਪਾਠਕ, ਸਮਸ਼ੇਰ ਲਾਥਾ, ਪਰਮਪਾਲ ਲਾਥਾ, ਦਰਸ਼ਨ ਸੈਣੀ, ਦਵਿੰਦਰ ਕੁਮਾਰ ਆਦਿ ਮੌਜੂਦ ਸਨ।

## ਧੰਨ ਧੰਨ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਨੇ ਅੱਪਰਾ ਵਿਖੇ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ



**ਫਿਲੌਰ/ਅੱਪਰਾ (ਦੀਪਾ)–** ਧੰਨ ਧੰਨ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਵਲੋਂ ਵਾਤਾਵਰਣ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ ਜਾ ਰਹੇ ਹਨ । ਇਸੇ ਲੜੀ ਤਹਿਤ ਅੱਪਰਾ ਦੇ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਤੇ ਮੁਹੱਲਾ ਢਾਬ ਵਾਲਾ ਵਿਖੇ ਫ਼ਲਦਾਰ ਤੇ ਛਾਂਦਾਰ ਬੂਟੇ ਲਗਾਏ । ਇਸ ਮੌਕੇ ਅੰਬ, ਕਿੰਨੂ, ਜਾਮਣ, ਨਿੰਬੂ, ਟਾਹਲੀ, ਸਫੈਦਾ, ਕਿੱਕਰ, ਦਰੇਕ ਤੇ ਤੁਣ ਆਦਿ ਦੇ ਪੌਦੇ ਲਗਾਏ ਗਏ । ਇਸ ਮੌਕੇ ਰਾਮ ਲੁਭਾਇਆ, ਵਿਵੇਕ ਕੁਮਾਰ ਵਸੰਦਰਾਏ, ਚੰਨੀ ਭਰੋਮਜਾਰਾ, ਅਮਨ ਚੀਮਾ, ਵਰਿੰਦਰ ਢੰਡਵਾੜ, ਲਾਲੀ ਬਾਸੀ, ਮਨਜੀਤ ਢਿੱਲੋਂ, ਮਾਸਟਰ ਜਸਪਾਲ ਸੰਧੂ, ਲੱਕੀ ਅੱਪਰਾ, ਜੱਸੀ ਅੱਪਰਾ, ਰਵੀ ਢੱਕ ਮਜਾਰਾ ਤੇ ਹੋਰ ਸੇਵਾਦ-ਾਰ ਵੀ ਹਾਜ਼ਰ ਸਨ ।

# ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਇੰਗਲੈਂਡ ਕਰ ਰਹੇ ਹਨ ਸਿੱਖੀ ਦਾ ਪ੍ਰਚਾਰ

## ਪਦਮ ਨੇ ਸਿੱਖ ਜਥੇਬੰਦੀਆਂ ਨੂੰ ਮਹਾਰਾਜਾ ਦਲੀਪ ਸਿੰਘ ਦੀਆਂ ਅਸਤੀਆਂ ਕਬਰ ਚੋਂ ਕੱਢ ਕੇ ਸਿੱਖ ਰਵਾਇਤਾਂ ਅਨੁਸਾਰ ਪੰਜਾਬ ਲਿਜਾ ਕੇ ਅੰਤਿਮ ਸੰਸਕਾਰ ਕੀਤੇ ਜਾਣ ਦੇ ਯਤਨ ਕਰਨ ਦੀ ਕੀਤੀ ਮੰਗ

**ਲੈਸਟਰ (ਇੰਗਲੈਂਡ),3 ਅਗਸਤ (ਸੁਖਜਿੰਦਰ ਸਿੰਘ ਢੱਡੇ)**-ਬਹੁਤ ਹੀ ਬੇਬਾਕੀ ਨਾਲ ਸਮਾਜਿਕ ਬੁਰਾਈਆਂ ਤੇ ਚੋਟ ਕਰਨ ਵਾਲੇ ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਇਹਨੀਂ ਦਿਨੀਂ ਇੰਗਲੈਂਡ ਦੌਰੇ ਤੇ ਹਨ। ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਜਥੇ ਸਮੇਤ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਦਿਹਾੜੇ ਅਤੇ ਸ਼ਹੀਦ ਉਧਮ ਸਿੰਘ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਚ ਹੋ ਰਹੇ ਧਾਰਮਿਕ ਸਮਾਗਮਾਂ ਚ ਢਾਡੀ ਕਲਾ ਰਾਹੀਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।ਢਾਡੀ ਗੁਰਪ੍ਰਤਾਪ ਸਿੰਘ ਪਦਮ ਨੇ ਜਿੱਥੇ ਸਿੱਖ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਾਇਆ ਉਥੇ ਵੱਖ ਵੱਖ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਸਿੱਖ ਰਾਜ ਦੇ ਆਖਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਕਬਰ ਚੋਂ ਕੱਢ ਕੇ ਉਨਾ ਦਾ ਸਿੱਖ ਰਵਾਇਤਾਂ ਅਨੁਸਾਰ ਪੰਜਾਬ ਲਿਜਾ ਕੇ ਅੰਤਿਮ ਸੰਸਕਾਰ ਕੀਤੇ ਜਾਣ ਦੇ ਉਪਰਾਲੇ ਕਰਨੇ ਚਾਹੀਦੇ ਹਨ ।



ਇੰਗਲੈਂਡ ਫੇਰੀ ਦੌਰਾਨ ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਦਾ ਢਾਡੀ ਜਥਾ ਗੱਲਬਾਤ ਕਰਦੇ ਹੋਏ ਢਾਡੀ ਗੁਰ ਪ੍ਰਤਾਪ ਸਿੰਘ ਪਦਮ। ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਢਾਡੀ ਗੁਰਪ੍ਰਤਾਪ ਸਿੰਘ ਪਦਮ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੇ ਧੀਆਂ ਪੁੱਤਾਂ ਖਾਸ ਕਰਕੇ ਧੀਆਂ ਨੂੰ ਪੜ੍ਹਾਈ ਕਰਨ ਲਈ ਵਿਦੇਸ਼ ਭੇਜਣ ਤੋਂ ਪਹਿਲਾਂ ਬਹੁਤ ਵਾਰ ਸੋਚਣਾ ਚਾਹੀਦਾ ਹੈ,ਕਿਉਂਕਿ ਵਿਦੇਸ਼ਾਂ ਚ ਕੰਮ ਨਾ ਮਿਲਣ ਕਰਕੇ ਪੰਜਾਬ ਤੋਂ ਆਏ ਚੰਗੇ ਘਰਾਂ ਦੇ ਧੀਆਂ ਪੁੱਤ ਇਸ ਵੇਲੇ ਵਿਦੇਸ਼ਾਂ ਚ ਖੱਜਲ ਖੁਆਰ ਹੋ ਰਹੇ ਹਨ। ਉਹਨਾਂ ਨੇ ਇੰਗਲੈਂਡ ਦੇ ਜੰਮਪਲ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਸਲਾਘਾ ਕਰਦਿਆਂ ਕਿਹਾ ਕਿ ਬਹੁਤ ਸਾਰੇ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਹਰੇਕ ਹਫਤੇ ਗੁਰੂ ਘਰ ਲੈ ਕੇ ਆਉਂਦੇ ਹਨ ਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਯਤਨ ਕਰਦੇ ਹਨ,ਜੋ ਕਿ ਬਹੁਤ ਹੀ ਸਲਾਹੁਣ ਯੋਗ ਹੈ। ਉਹਨਾਂ ਕਿਹਾ ਕਿ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਚ ਨਿਰੰਤਰ ਲੱਗਦੇ ਸਿੱਖੀ ਕੈਂਪ ਵੀ ਇੰਗਲੈਂਡ ਚ ਵੱਸਦੀ ਸਿੱਖਾਂ ਦੀ ਨਵੀਂ ਪੀੜੀ ਨੂੰ ਸਿੱਖੀ ਨਾਲ ਜੋੜਨ ਲਈ ਲੋੜਿੰਦਾ ਯੋਗਦਾਨ ਪਾ ਰਹੇ ਹਨ।

for more news visit:
www.samajweekly.com

# ਤਰਲੋਚਨ ਸਿੰਘ ਗੋਸ਼ੀ ਦੁਆਰਾ ਸਰਕਾਰੀ ਸੀਨੀਅਰ ਸੈਕੰਡਰੀ ਸੈਲਫ ਮੇਡ ਸਮਾਰਟ ਸਕੂਲ ਬਲੇਰਖਾਨਪੁਰ ਨੂੰ ਇਨਵਰਟਰ ਦਾਨ

**ਕਪੂਰਥਲਾ, (ਕੌੜਾ)–** ਸੁਖਦਿਆਲ ਸਿੰਘ ਝੰਡ ਪ੍ਰਧਾਨ ਅਧਿਆਪਕ ਦਲ ਪੰਜਾਬ ਜ਼ਿਲਾ ਕਪੂਥਲਾ ਦੇ ਯਤਨਾਂ ਅਤੇ ਪ੍ਰੇਰਨਾ ਸਦਕਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲੇਰਖਾਨਪੁਰ ਦੇ ਸਿਹਤ ਅਤੇ ਸਰੀਰਿਕ ਸਿੱਖਿਆ ਵਿਭਾਗ ਨੂੰ ਪਿੰਡ ਸੁੰਨੜਵਾਲ ਦੇ ਦਾਨੀ ਸੱਜਣ ਅਤੇ ਸਾਬਕਾ ਸਰਪੰਚ ਸ੍ਰ. ਤਰਲੋਚਨ ਸਿੰਘ ਗੋਸ਼ੀ ਵੱਲੋਂ ਇਨਵਰਟਰ ਭੇਂਟ ਕੀਤਾ ਗਿਆ । ਇਸ ਮੌਕੇ ਸਕੂ਼ਲ ਦੇ ਪ੍ਰਿੰਸੀਪਲ ਸਟੇਟ ਐਵਾਰਡੀ ਸ੍ਰੀਮਤੀ ਰਵਿੰਦਰ ਕੌਰ ਨੇ ਆਏ ਹੋਏ ਦਾਨੀ ਸੱਜਣਾਂ ਨੂੰ ਜੀ ਆਇਆਂ ਕਹਿਣ ਉਪਰੰਤ ਧੰਨਵਾਦ ਕੀਤਾ ਅਤੇ ਨਾਲ ਹੀ ਅੱਗੇ ਤੋਂ ਵੀ ਸਕੂਲ ਦੀ ਤਰੱਕੀ ਲਈ ਹੋਰ ਵੀ ਸਹਿਯੋਗ ਦਿੰਦੇ ਰਹਿਣ ਲਈ ਪ੍ਰੇਰਿਆ। ਇਸ ਤੋਂ ਬਾਅਦ ਸ਼੍ਰੀਮਤੀ ਅਰਵਿੰਦ ਕੌਰ ਝੰਡ ਡੀ ਪੀ ਆਈ ਮੁੱਖੀ ਸਿਹਤ ਅਤੇ ਸਰੀਰਿਕ ਸਿੱਖਿਆ ਵਿਭਾਗ ਨੇ ਵੀ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਟੇਟ ਐਵਾਰਡੀ ਪ੍ਰਿੰਸੀਪਲ ਰਵਿੰਦਰ ਕੌਰ ਨੇ ਦਾਨੀ ਸੱਜਣਾਂ ਦਾ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ਼੍ਰੀ ਬਲਦੇਵ ਸਿੰਘ ਦੇਬੀ ਪ੍ਰਧਾਨ ਸਪੋਰਟਸ ਕਲੱਬ ਸੁੰਨੜਵਾਲ , ਸ੍ਰ. ਮਨਦੀਪ ਸਿੰਘ ਸੁੰਨੜ, ਪ੍ਰਿ. ਮੈਡਮ ਰਵਿੰਦਰ ਕੌਰ, ਅਰਵਿੰਦ ਕੌਰ ਝੰਡ, ਸੁਖਦਿਆਲ ਸਿੰਘ ਝੰਡ, ਹਰਦੇਵ ਸਿੰਘ ਖਾਨੋਵਾਲ, ਮਨਜੀਤ ਕੌਰ ਅੰਗਰੇਜ਼ੀ ਲੈਕਚਰਾਰ, ਮਨਜੀਤ ਕੌਰ ਹਿੰਦੀ ਮਿਸਟ੍ਰੈਸ, ਸੂਰਜ ਕੁਮਾਰ ਵਰਮਾ ਕੰਪਿਊਟਰ ਅਧਿਆਪਕ, ਅਨੂਸ਼ੀਲ ਸਾਇੰਸ ਮਿਸਟ੍ਰੈਸ, ਪਰਵਿੰਦਰ ਕੌਰ ਮੈਥ ਮਿਸਟ੍ਰੈਸ, ਨਿਸ਼ਾ ਸ਼ਰਮਾ ਸਾਇੰਸ ਮਿਸਟ੍ਰੈਸ, ਸੁਖਵਿੰਦਰ ਕੌਰ ਐਸ ਐਸ ਮਿਸਟ੍ਰੈਸ ਤੇ ਸੰਤੋਖ ਸਿੰਘ ਕੈਂਪਸ ਮੈਨੇਜਰ ਹਾਜ਼ਰ ਸਨ।



# ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਵਿਖੇ ਕਰਵਾਇਆ ਗਿਆ ਲੰਮੇ ਕੇਸ ਅਤੇ ਦਸਤਾਰ ਮੁਕਾਬਲਾ





**(ਸਮਾਜ ਵੀਕਲੀ) ਸੰਦੀਪ ਸਿੰਘ ਬਖੋਪੀਰ:–** ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਵਿਖੇ ਵਿਦਿਆਰਥੀਆਂ ਨੂੰ ਸਿੱਖ ਵਿਰਾਸਤ ਅਤੇ ਪੰਜਾਬੀ ਵਿਰਸੇ ਨਾਲ ਜੋੜਨ ਲਈ ਸਕੂਲ ਵਿੱਚ ਲੰਮੇ ਕੇਸ ਅਤੇ ਦਸਤਾਰ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਕੂਲ ਦੀਆਂ ਵੱਖੋ ਵੱਖਰੀਆਂ ਜਮਾਤਾਂ ਦੇ ਲਗਭਗ 200 ਬੱਚਿਆਂ ਵੱਲੋਂ ਸੋਹਣੀਆਂ ਦਸਤਾਰਾਂ ਸਜਾਈਆਂ ਗਈਆਂ। ਸਕੂਲ ਦੇ ਲੱਗਭਗ 50 ਬੱਚਿਆਂ ਨੇ ਲੰਮੇ ਕੇਸ ਮੁਕ-ਾਬਲੇ ਵਿੱਚ ਭਾਗ ਲਿਆ ਅਤੇ ਆਪਣੇ ਚਾਵਾਂ ਤੇ ਰੀਜਾਂ ਨਾਲ ਸਾਂਭੇ ਹੋਏ ਕੇਸਾਂ ਨੂੰ ਵਿਖਾ ਕੇ ਜਿੱਤ ਪ੍ਰਾਪਤ ਕੀਤੀ। ਨਾਲ ਹੀ ਸਕੂਲ ਦੇ ਵਿੱਚ ਸਕੂਲੀ ਬੱਚੀਆਂ ਨੇ ਮਹਿੰਦੀ ਅਤੇ ਪਰਾਂਦੀ ਗੁੰਦਣ ਮੁਕਾਬਲੇ ਵਿੱਚ ਭਾਗ ਲੈਂਦੇ ਹੋਏ ਆਪਣੇ ਹੱਥਾਂ ਤੇ ਸੋਹਣੀ ਮਹਿੰਦੀ ਅਤੇ ਗੁੱਤਾਂ ਵਿੱਚ ਆਪਣੇ ਹੱਥੀ ਪਰਾਂਦੀਆਂ ਸਜਾਈਆਂ ,ਪੰਜਾਬੀ ਵਿਰਸੇ ਅਤੇ ਵਿਰਾਸਤ ਦੀ ਜਾਣਕਾਰੀ ਰੱਖਦੀਆਂ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਸਵਰੀਆਂ ਮੁਟਿਆਰਾਂ ਵਿੱਚੋਂ ਜਮਾਤ ਤੇ ਉਮਰ ਮੁਤਾਬਕ ਤਿੰਨ ਲੜਕੀਆਂ ਨੂੰ 'ਮਾਣਮੱਤੀ ਪੰਜਾਬਣ' ਦੇ ਅਵਾਰਡ ਲਈ ਵੱਖੋ ਵੱਖਰੇ ਪਰਖ ਪੜਾਵਾਂ ਵਿੱਚੋਂ ਪਰਖ ਕੇ ਮਾਣਮੱਤੀ ਮੁਟਿਆਰ ਦੇ ਖਿਤਾਬ ਨਾਲ ਵੀ ਨਿਵਾਜਿਆ ਗਿਆ। ਸਮੁੱਚੇ ਪ੍ਰੋਗਰਾਮ ਦੀ ਵਾਂਗ ਡੋਰ ਪੰਜਾਬੀ ਅਧਿਆਪਕ ਸੰਦੀਪ ਸਿੰਘ ਕੋਆਰਡੀਨੇਟਰ ਮੈਡਮ ਬਲਜੀਤ ਕੌਰ ਵੱਲੋਂ ਸੰਭਾਲੀ ਗਈ ਜਿਸ ਵਿੱਚ ਗੁਰਜੰਟ ਸਿੰਘ, ਸਨਮੀਤ ਸਿੰਘ, ਹਰਿੰਦਰ ਸਿੰਘ ਵੱਲੋਂ ਆਪਣਾ ਮੁੱਢਲਾ ਰੋ਼ਲ ਅਦਾ ਕੀਤਾ ਗਿਆ,ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਵੱਲੋਂ ਪ੍ਰਿੰਸਪਲ ਮੈਡਮ ਅਤੇ ਸਮੁੱਚੇ ਸਕੂਲ ਸਟਾਫ਼ ਅਤੇ ਮਾਪਿਆਂ ਦੇ ਸਹਿਯੋਗ ਨਾਲ ਉਲੀਕੇ ਇਸ ਪ੍ਰੋਗਰਾਮ ਦੀ ਖੂਬ ਸ਼ਲਾਘਾ ਕੀਤੀ ਗਈ। ਸਕੂਲ ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਨੂੰ ਅਜਿਹੇ ਕਾਰਜ ਭਵਿੱਖ ਵਿੱਚ ਇਸੇ ਤਰ੍ਹਾਂ ਜਾਰੀ ਰੱਖਣ ਲਈ ਭਰਭੂਰ ਹੱਲਾਸ਼ੇਰੀ ਦਿੱਤੀ ਗਈ। ਮੌਕੇ ਉੱਤੇ ਸਮੂਹ ਸਕੂਲ ਸਟਾਫ਼ ਅਤੇ ਸਕੂਲੀ ਵਿਦਿਆਰਥੀ ਮੌਜੂਦ ਸਨ।

# ਪੰਜਾਬ ਜੂਨੀਅਰ ਮਹਿਲਾ ਹਾਕੀ ਟੀਮ ਰਾਸ਼ਟਰੀ ਚੈਂਪੀਅਨਸ਼ਿਪ ਲਈ ਰਵਾਨਾ

**ਜੈਸਿਕਦੀਪ ਕੌਰ ਪੰਜਾਬ ਜੂਨੀਅਰ ਮਹਿਲਾ ਹਾਕੀ ਟੀਮ ਦੀ ਕਪਤਾਨ ਨਿਯੁਕਤ**



**ਜਲੰਧਰ (ਹਰਜਿੰਦਰ ਪਾਲ ਛਾਬੜਾ)** ਹਾਕੀ ਇੰਡੀਆ ਵਲੋਂ ਆਂਧਰਾ ਪ੍ਰਦੇਸ਼ ਦੇ ਸ਼ਹਿਰ ਕਾਕੀਨਾਡਾ ਵਿਖੇ 1 ਅਗਸਤ ਤੋਂ 12 ਅਗਸਤ ਤੱਕ ਕਰਵਾਈ ਜਾ ਰਹੀ 15ਵੀਂ ਹਾਕੀ ਇੰਡੀਆ ਜੂਨੀਅਰ ਮਹਿਲਾ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੇਣ ਵਾਲੀ ਪੰਜਾਬ ਮਹਿਲਾ ਹਾਕੀ ਟੀਮ ਅੱਜ ਬਠਿੰਡਾ ਤੋਂ ਕਾਕੀਨਾਡਾ ਲਈ ਰਵਾਨਾ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਪੰਜਾਬ ਜੂਨੀਅਰ ਮਹਿਲਾ ਹਾਕੀ ਟੀਮ ਦੀ ਕਪਤਾਨ ਪੀਆਈਐਸ ਬਠਿੰਡਾ ਦੀ ਜੈਸਿਕਦੀਪ ਕੌਰ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਚੁਣੀ ਗਈ ਬਾਕੀ ਟੀਮ ਵਿੱਚ ਸੁਖਪ੍ਰੀਤ ਕੌਰ, ਮਨਦੀਪ ਕੌਰ, ਹਰਲੀਨ ਕੌਰ, ਰਿੱਬਿਕਾ, ਪਵਨਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਪ੍ਰਭਜੋਤ ਕੌਰ, ਨਮਨੀਤ ਕੌਰ, ਨੇਹਾ, ਹਰਮਨ ਰੇਖੀ, ਮੇਘਾ, ਕਮਲਦੀਪ ਕੌਰ, ਖੁਸ਼ਵੀਰ ਕੌਰ, ਸੁਖਪ੍ਰੀਤ ਕੌਰ, ਸੁਖਦੀਪ ਕੌਰ, ਸ਼ਰਨਜੀਤ ਕੌਰ ਅਤੇ ਮਤੀਆ ਸ਼ਾਮਲ ਹਨ। ਟੀਮ ਦੇ ਕੋਚ ਰਾਜਵੰਤ ਸਿੰਘ ਮਾਨ ਅਤੇ ਮੈਨੇਜਰ ਪੁਸ਼ਪਾ ਦੇਵੀ ਹੋਣਗੇ। ਪੰਜਾਬ ਟੀਮ ਆਪਣਾ ਪਹਿਲਾ ਮੈਚ 6 ਅਗਸਤ ਨੂੰ ਖੇਡੇਗੀ।

## ਪਿੰਡ ਛੋਕਰਾਂ ਵਿਖੇ 22ਵਾਂ ਸਲਾਨਾ ਗੁੱਗਾ ਨੌਂਵੀ ਤੇ ਛਿੰਝ ਮੇਲਾ 14, 15, 16, 17 ਤੇ 18 ਨੂੰ

**ਫਿਲੌਰ/ਅੱਪਰਾ (ਦੀਪਾ)–** ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਦਰਬਾਰ ਗੁੱਗਾ ਜਾਹਰ ਪੀਰ ਜੀ ਦੇ ਅਸਥਾਨ 'ਤੇ 22ਵਾਂ ਸਲਾਨਾ ਗੁੱਗਾ ਨੌਂਵੀ ਤੇ ਛਿੰਝ ਮੇਲਾ ਮਿਤੀ 14, 15, 16, 17 ਤੇ 18 ਅਗਸਤ ਨੂੰ ਐੱਨ. ਆਰ. ਆਈ ਵੀਰਾਂ, ਸਮੂਹ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਸ. ਮੱਖਣ ਸਿੰਘ (ਰਿਟਾਇਰਡ ਇੰਸਪੈਕਟਰ ਪੰਜਾਬ ਪੁਲਿਸ) ਨੇ ਦੱਸਿਆ ਕਿ 14, 15, ਤੇ 16 ਅਗਸਤ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਹੋਣਗੇ । 17 ਅਗਸਤ ਦਿਨ ਐਤਵਾਰ ਨੂੰ ਗੁੱਗਾ ਨੌਂਵੀ ਮਨਾਈ ਜਾਵੇਗੀ । ਇਸੇ ਦਿਨ ਦੁਪਿਹਰ 12 ਵਜੇ ਤੋਂ ਲੈ ਕੇ 2 ਵਜੇ ਤੱਕ ਪ੍ਰਸਿੱਧ ਪੰਜਾਬੀ ਗਾਇਕ ਕਾਸ਼ੀ ਨਾਥ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । 18 ਅਗਸਤ ਸ਼ਾਮ ਦੇ ਸਮੇਂ ਛਿੰਝ ਮੇਲਾ ਕਰਵਾਇਆ ਜਾਵੇਗਾ । ਇਸ ਮੌਕੇ ਪਟਕੇ ਦੀ ਕੁਸ਼ਤੀ ਇਰਫਾਨ ਇਰਾਨੀ ਤੇ ਅਮਨਾ ਬਾਹੜੋਵਾਲ ਤੇ ਮੋਹਿਤ ਪੀ. ਏ. ਪੀ ਤੇ ਹੈਪੀ ਫਗਵਾੜਾ ਵਿਚਕਾਰ ਹੋਵੇਗੀ । ਜੈਤੂ ਪਹਿਲਵਾਨਾਂ ਨੂੰ ਆਕਰਸ਼ਕ ਇਨਾਮ ਦਿੱਤੇ ਜਾਣਗੇ । ਇਸ ਦੌਰਾਨ ਲੰਗਰ ਵੀ ਅਤੁੱਟ ਵਰਤਾਏ ਜਾਣਗੇ ।

for more news visit:
www.samajweekly.com

# ਬਾਬਾ ਫ਼ਰੀਦ ਜੀ ਦੇ ਆਗਮਨ ਦੌਰਾਨ ਖ਼ੂਨਦਾਨ ਕੈਂਪ ਕਿਥੇ ਕਿਥੇ ਲਗਾਏ ਜਾਣਗੇ ਹੋਈ ਵਿਚਾਰ ਚਰਚਾ

**ਫ਼ਰੀਦਕੋਟ (ਸਮਾਜ ਵੀਕਲੀ)** ਅੱਜ ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ ) ਫ਼ਰੀਦਕੋਟ ਵੱਲੋ ਬਾਬਾ ਫ਼ਰੀਦ ਜੀ ਦੇ ਉਪਰਲੇ ਹਾਲ ਵਿਚ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ ਜਰੂਰੀ ਮੀਟਿੰਗ ਅਹੁਦੇਦਾਰ ਤੇ ਮੈਂਬਰ ਸਹਿਬਾਨ ਦੀ ਬੁਲਾਈ ਗਈ। ਇਸ ਵਿੱਚ ਫੈਸਲਾ ਲਿਆਂ ਗਿਆਂ ਕਿ ਕਿਥੇ ਕਿਥੇ ਆਗਮਨ ਪੁਰਬ ਦੌਰਾਨ ਵਿਸਾਲ ਖ਼ੂਨਦਾਨ ਕੈਂਪ ਲਗਾਇਆਂ ਜਾਵੇਗਾ।

ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਨੇ ਸਾਂਝੀ ਕਰਦਿਆਂ ਕਿਹਾ ਕਿ ਜਿਨੇ ਵੀ ਕੈਂਪ ਲਗਾਏ ਜਾਣਗੇ ਹਰ ਇੱਕ ਕੈਂਪ ਸੁਚੱਜੇ ਢੰਗ ਨਾਲ ਚਲਾਇਆ ਜਾਵੇਗਾ ਤੇ ਹਰ ਖ਼ੂਨਦਾਨੀ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।

ਇਸ ਸਮੇਂ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਬਰਾੜ ਗੋਲੇਵਾਲਾ, ਖਜਾਨਚੀ ਸਤਨਾਮ ਸਿੰਘ ਮੰਗੇੜਾ ਕੋਟਕਪੂਰਾ, ਸਲਾਹਕ-ਾਰ ਗੁਰਸੇਵਕ ਸਿੰਘ ਥਾੜਾ , ਸਟੋਕ ਮੈਨੇਜਰ ਸਵਰਾਜ ਸਿੰਘ,ਮੈਨੇਜਰ ਜੱਸੀ ਥਾੜਾ, ਅਮਨਦੀਪ ਸਿੰਘ ਨਵਾਂ ਕਿਲਾ ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ , ਅਰਸ਼ਦੀਪ ਸਿੰਘ ਕੋਠੇ ਧਾਲੀਵਾਲ, ਦਲਜੀਤ ਸਿੰਘ ਡੱਲੇਵਾਲਾ, ਗੁਰਪ੍ਰੀਤ ਸਿੰਘ,



ਅਰਮਾਨ ਸਿੰਘ, ਗੁਰਨੂਰ ਸਿੰਘ , ਨੈਤਿਕ ਮੋਂਗਾ, ਦਵਿੰਦਰ ਸਿੰਘ ਮੰਡ, ਸਿਮਰਨਜੀਤ, ਮਿਤੀ, ਗੁਰਜੰਟ, ਗੁਰਸ਼ਰਨ, ਸ਼ੈਟੀ,ਹੈਰੀ ਕੋਟ ਸੇਖਿਆ, ਜਸਪ੍ਰੀਤ ਸਿੰਘ,ਗੁਰੀ ਅਪਾਰਸਪ੍ਰੀਤ ਸਿੰਘ ਕਰਨ ਭੋਲੂਵਾਲਾ ਆਦਿ ਹਾਜ਼ਰ ਹੋਏ।ਬਾਬਾ ਫ਼ਰੀਦ ਜੀ ਦੇ ਆਗਮਨ ਦੌਰਾਨ ਖ਼ੂਨਦਾਨ ਕੈਂਪ ਕਿਥੇ ਕਿਥੇ ਲਗਾਏ ਜਾਣਗੇ ਹੋਈ ਵਿਚਾਰ ਚਰਚਾ ।

# ਵਿਗਿਆਨਕ ਸੋਚ ਅਪਨਾਉਣ ਸਮੇਂ ਦੀ ਮੁੱਖ ਲੋੜ: ਤਰਕਸ਼ੀਲ

**ਸੰਗਰੂਰ।** ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਸਿੰਘ ਉਪਲੀ,ਮਾਸਟਰ ਗੁਰਜੰਟ ਸਿੰਘ, ਗੁਰਦੀਪ ਸਿੰਘ ਲਹਿਰਾ, ਮਨਧੀਰ ਸਿੰਘ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਥਲੇਸ ਵਿਖੇ ਇਕ ਸਿਖਿਆਦਾਇਕ , ਭਾਵਪੂਰਤ ਤਰਕਸ਼ੀਲ ਪਰੋਗਰ-ਾਮ ਦਿੱਤਾ । ਪ੍ਰਿੰਸੀਪਲ ਪ੍ਰਵੀਨ ਮਨਚੰਦਾ ਜੀ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ, ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ,ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।ਉਨਾਂ ਕਿਹਾ ਕਿ ਵਿਗਿਆਨਕ ਚੇਤਨਾ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖਸ਼ੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ।ਉਨ੍ਹਾਂ





ਵਿਦਿਆਰਥੀਆਂ ਨੂੰ ਹਿੰਮਤ, ਲਗਨ ਤੇ ਲਗਾਤਾਰਤਾ ਦੇ ਨਾਲ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅਧਿਆਪਕ ਦਾ ਸਮਾਜ ਵਿੱਚ ਅਹਿਮ ਸਥਾਨ ਹੈਂ ਉਸ ਨੂੰ ਵਿਗਿਆਨਕ ਵਿਚਾਰਾਂ ਦੇ ਨਾਲ ਨਾਲ ਧਰਮ,ਜਾਤ ,ਫਿਰਕੇ ਤੋਂ ਨਿਰਲੇਪ ਹੋ ਕੇ ਮਨੁੱਖੀ ਗੁਣਾਂ ਦਾ ਧਾਰਨੀ ਹੋ ਕੇ ਸਮਾਜ ਦੀ ਖੁਸ਼ੀ ਤੇ ਖੁਸ਼ਹਾਲੀ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ , ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ। ਆਗੂਆਂ

ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿੱਚ ਅੰਧਵਿਸ਼ਵਾਸ ਤਿਆਗਣ , ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ ਸਕੂਲ ਪ੍ਰਿੰਸੀਪਲ ਨੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਵਿਗਿਆਨਕ ਵਿਚਾਰਾਂ ਦਾ ਭਾਵਪੂਰਤ ਸੱਦਾ ਲੈ ਕੇ ਵਿਦਿਆਰਥੀਆਂ ਦੇ ਰੂ ਬ ਰੂ ਹੋਣ ਲਈ ਧੰਨਵਾਦ ਕਰਦਿਆਂ ,ਵਿਦਿਆਰਥੀਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ,ਮਿਹਨਤ ਕਰਨ , ਇਮਾਨਦਾਰ ਬਣਨ ਆਦਿ ਕੀਮਤੀ ਵਿਚਾਰ ਅਪਨਾਉਣ ਦਾ ਸੁਨੇਹਾ ਦਿੰਦਿਆਂ, ਚੇਤਨਾ ਪਰਖ਼ ਪ੍ਰੀਖਿਆ ਵਿੱਚ ਭਰਪੂਰ ਸ਼ਮੂਲੀਅਤ ਕਰਨ ਲਈ ਪ੍ਰੇਰਿਆ। ਤਰਕਸ਼ੀਲ ਆਗੂਆਂ ਨੂੰ ਵਿਸ਼ਵਾਸ ਦਵਾਇਆ ਕਿ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਲਈ ਤਿਆਰ ਕੀਤਾ ਜਾਵੇਗਾ।ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋ ਇਲਾਵਾ ਰਵਿੰਦਰ ਕੌਰ, ਹਤੇਸ਼ ਕੁਮਾਰ ,ਅਨੁਰਾਧਾ, ਹਰਵਿੰਦਰ ਸਿੰਘ ,ਰਣਜੀਤ ਕੌਰ, ਅਲਕਾ ਰਾਣੀ, ਗੁਰਪ੍ਰੀਤ ਕੌਰ, ਸਵੀਤਾ ਰਾਣੀ, ਰੇਸ਼ਮੀ ਚਾਵਲਾ , ਸ਼ੋਭਾ ਕਾਂਸਲ,ਬੰਦਨਾ ,ਰੀਮਾ ਗੋਇਲ ,ਆਰਤੀ ਕਾਲੜਾ, ਹਰਮਿੰਦਰ ਸਿੰਘ, ਪ੍ਰਭਜੋਤ ਕੌਰ,ਸਤੂਤੀ ਸਿੰਗਲਾ,ਗੁਰਮੀਤ ਕੌਰ, ਨਛੱਤਰ ਸਿੰਘ,ਜਸਵੀਰ ਸਿੰਘ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**941742234**

# ਵਿਵਾਦਾਂ ਵਿੱਚ ਫ਼ਸੇ ਸਾਧ ਸ਼ੰਕਰਾਨੰਦ ਦੀ ਇਕ ਹੋਰ ਅਸ਼ਲੀਲ ਵੀਡੀਓ ਵਾਇਰਲ

**ਲੁਧਿਆਣਾ/ਮਾਛੀਵਾੜਾ ਸਾਹਿਬ (ਬਲਬੀਰ ਸਿੰਘ ਬੱਬੀ)** ਸਾਡੇ ਦੇਸ਼ ਦੇ ਵਿੱਚ ਧਰਮ ਦੇ ਨਾਂ ਉੱਪਰ ਲੋਕਾਂ ਦੀ ਅਨੇਕਾਂ ਤਰੀਕਿਆਂ ਦੇ ਨਾਲ ਲੁੱਟ ਖਸੁੱਟ ਹੋ ਰਹੀ ਹੈ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਵਿੱਚ ਪਾ ਕੇ ਉਹਨਾਂ ਦੀ ਅੰਨੀ ਸ਼ਰਧਾ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਪਹਿਲਾਂ ਤਾਂ ਇਹ ਹੁੰਦਾ ਸੀ ਕਿ ਇਹ ਜਿਹੜੇ ਆਪੇ ਹੀ ਸੁਆਮੀ ਧਰਮ ਗੁਰੂ ਬਾਬੇ ਬਣੇ ਫਿਰਦੇ ਹਨ ਇਹ ਲੋਕਾਂ ਨੂੰ ਗੁੰਮਰਾਹ ਕਰਕੇ ਉਹਨਾਂ ਕੋਲੋਂ ਪੈਸੇ ਜਮੀਨ ਜਾਇਦਾਦ ਆਦਿ ਧੋਖੇ ਨਾਲ ਆਪਣੇ ਹਵਾਲੇ ਕਰਦੇ ਸਨ। ਪਰ ਹੁਣ ਕੁਝ ਅਜਿਹੇ ਸਾਧ ਹਨ ਜੋ ਔਰਤਾਂ ਦੇ ਨਾਲ ਅਸ਼ਲੀਲ ਹਰਕਤਾਂ ਤੋਂ ਹੁੰਦੇ ਹੋਏ ਉਹਨਾਂ ਦੇ ਨਾਲ ਗਲਤ ਕੰਮ ਵੀ ਕਰ ਰਹੇ ਹਨ ਅਜਿਹਾ ਹੀ ਇੱਕ ਮੁੱਲਾਂਪੁਰ ਨਜ਼ਦੀਕ ਤਲਵੰਡੀ ਧਾਮ ਡੇਰੇ ਦਾ ਮੁਖੀ ਸ਼ੰਕਰਾ ਨੰਦ ਹੋਇਆ ਹੈ। ਜਿਸ ਦੀ ਜੂਨ ਮਹੀਨੇ ਦੇ ਵਿੱਚ ਇੱਕ ਬਹੁਤ ਹੀ ਅਸ਼ਲੀਲ ਵੀਡੀਓ ਵਾਇਰਲ ਹੋਈ ਸੀ ਜਿਸ ਨੇ ਸਭ ਹੱਦਾਂ ਬੰਨੇ ਮੁਕਾ ਦਿੱਤੇ ਸਨ ਉਸਦੇ ਵਿਰੁੱਧ ਪੁਲਸ ਪਰਚਾ ਵੀ ਦਰਜ ਹੋਇਆ ਇਲਾਕੇ ਦੇ ਲੋਕਾਂ ਨੇ ਇਕੱਤਰ ਹੋ ਕੇ ਕਾਰਵਾਈ ਆਰੰਭੀ ਹੋਈ ਹੈ ਤੇ ਇਹ ਕਾਰਵਾਈ ਪੁਲਿਸ ਜਿਲਾ ਜਗਰਾਓ ਲੁਧਿਆਣਾ ਤੋਂ ਹੁੰਦੀ ਹੋਈ ਚੰਡੀਗੜ੍ਹ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਹਾਈ ਕੋਰਟ ਵਿੱਚ ਵੀ ਚੱਲ ਰਹੀ ਹੈ। ਪਰ ਹੈਰਾਨੀ ਹੋਈ ਕਿ ਹਾਲੇ ਪਹਿਲੇ ਵੀਡੀਓ ਨਾਲ ਸੰਬੰਧਿਤ ਕੇਸ ਦਾ ਕੁਝ ਨਹੀਂ ਬਣਿਆ ਤੇ ਇਸੇ ਸ਼ੰਕਰਾ ਨੰਦ ਦੀ ਇੱਕ ਹੋਰ ਬਹੁਤ ਹੀ ਅਸ਼ਲੀਲ ਵੀਡੀਓ ਵਾਇਰਲ ਹੋਈ ਹੈ ਜੋ ਪਹਿਲੀ ਵੀਡੀਓ ਵਾਂਗ ਅਸ਼ਲੀਲਤਾ ਦੇ ਸਾਰੇ ਹੱਦਾਂ ਬੰਨੇ ਟੱਪ ਰਹੀ ਹੈ। ਇਹ ਅਸ਼ਲੀਲ ਵੀਡੀਓ ਸ਼ੰਕਰਾ ਨੰਦ ਦੇ ਨਿੱਜੀ ਕਮਰੇ ਦੇ ਵਿੱਚ ਇੱਕ ਔਰਤ ਦੇ ਨਾਲ ਬਹੁਤ ਹੀ ਇਤਰਾਜਯੋਗ ਦ੍ਰਿਸ਼ਾਂ ਵਾਲੀ ਹੈ।



# ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਜੀ ਦੀ 33ਵੀਂ ਬਰਸੀ ਨੂੰ ਸਮਰਪਿਤ ਇਨਾਮ ਵੰਡ ਸਮਾਰੋਹ

















ਅੱਜ ਮਿਤੀ 03-08-2025 ਦਿਨ ਐਤਵਾਰ ਨੂੰ ਪਿੰਗਲਵਾੜਾ ਮੁੱਖ ਦਫ਼ਤਰ, ਤਹਿਸੀਲਪੁਰਾ ਜੀ.ਟੀ ਰੋਡ ਅੰਮ੍ਰਿਤਸਰ ਵਿਖੇ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ ਨੂੰ ਸਮਰਪਿਤ ਆਰੰਭ ਕੀਤੇ ਗਏ ਸਮਾਗਮਾਂ ਦੀ ਲੜੀ ਤਹਿਤ ਪਿੰਗਲਵਾੜਾ ਸੋਸਾਇਟੀ ਆਫ਼ ਓਨਟਾਰੀਓ(ਕੈਨੇਡਾ) ਅਤੇ ਪਿੰਗਲਵਾੜਾ ਅੰਮ੍ਰਿਤਸਰ ਦੇ ਸਾਂਝੇ ਉੱਦਮ ਨਾਲ ਚਲੱਦੇ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਡੰਰੀ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈੱਫ਼, ਭਗਤ ਪੂਰਨ ਸਿੰਘ ਇੰਸਟੀਚਿਊਟ ਫ਼ਾਰ ਸਪੈਸ਼ਲ ਨੀਡਜ਼ ਅਤੇ ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਮਾਨਾਂਵਾਲਾ ਦੇ ਸੀਨੀਅਰ ਕਲਾਸਾਂ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਦਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਪਿਛਲੇ ਸਾਲ ਭਗਤ ਪੂਰਨ ਸਿੰਘ ਮਾਨਵਤਾ ਸੇਵਾ ਐਵਾਰਡ ਨਾਲ ਨਿਵਾਜੇ ਜਾ ਚੁੱਕੇ ਸ੍ਰ. ਰਜਿੰਦਰਪਾਲ ਸਿੰਘ (ਰਿਟਾ. ਗਰੁੱਪ ਕੈਪਟਨ), ਮੁੱਖ ਮਹਿਮਾਨ ਵਜੋਂ ਉਚੇਚੇ ਤੋਰ ਤੇ ਪਹੁੰਚੇ। ਇਸ ਸਮਾਗਮ ਦਾ ਆਰੰਭ ਗੁਰਬਾਣੀ ਦੇ ਰਸ-ਭਿੰਨੇ ਸ਼ਬਦ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ" ਨਾਲ ਹੋਇਆ। ਪ੍ਰੋਗਰਾਮ ਵਿੱਚ ਭਗਤ ਪੂਰਨ ਸਿੰਘ ਜੀ ਦੀ ਸਮਾਜ ਨੂੰ ਸੇਧ ਦੇਣ ਵਾਲੇ ਨਾਟਕ ਪੇਸ਼ ਕੀਤੇ ਗਏ। ਇਸ ਮੌਕੇ ਭਗਤ ਪੂਰਨ ਸਿੰਘ ਡੈੱਫ਼ ਸਕੂਲ ਮਾਨਾਂਵਾਲਾ ਦੇ ਵਿਦਿਆਰਥੀਆਂ ਵੱਲੋਂ "ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਤੇ ਦੁਖਾਂਤ" ਤੇ ਨਾਟਕ ਪੇਸ਼ ਕੀਤਾ ਗਿਆ। ਇਸ ਉਪਰੰਤ ਪਿੰਗਲਵਾੜਾ ਸੰਸਥਾ ਅਤੇ ਪਿੰਗਲਵਾੜਾ ਸੋਸਾਇਟੀ ਆਫ਼ ਓਨਟਾਰੀਓ ਦੇ ਸਾਂਝੇ ਪ੍ਰੋਜੈਕਟ ਅਧੀਨ ਚਲਾਏ ਜਾ ਰਹੇ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਡੰਰੀ ਸਕੂਲ, ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈੱਫ਼, ਭਗਤ ਪੂਰਨ ਸਿੰਘ ਇੰਸਟੀਚਿਊਟ ਆਫ਼ ਸਪੈਸ਼ਲ ਨੀਡਜ਼ ਅਤੇ ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਪ੍ਰਿੰਸੀਪਲਾਂ ਵੱਲੋ ਸਕੂਲਾਂ ਦੀ ਸਾਲਾਨਾ ਰਿਪੋਰਟ ਪੜ੍ਹੀ ਗਈ, ਜਿਸ ਵਿੱਚੋਂ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਡੰਰੀ ਸਕੂਲ ਵਿੱਚ ਦਸਵੀਂ ਜਮਾਤ ਅਤੇ ਬਾਰਵੀਂ ਜਮਾਤ ਦੇ ਵਿਦਿਆਰਥਣਾਂ ਨੇ ਵਧੀਆ ਅੰਕ ਪ੍ਰਾਪਤ ਕੀਤੇ। ਦਸਵੀਂ ਅਤੇ ਬਾਰਵੀਂ ਜਮਾਤ ਵਿੱਚ ਮੈਰਿਟ ਆਏ ਬੱਚਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਾਇਕਲ ਇਨਾਮ ਵਜੋਂ ਦਿੱਤੇ ਗਏ ਅਤੇ ਇਸ ਸਕੂਲ ਦੇ ਬੱਚਿਆਂ ਨੇ ਖੇਡਾਂ ਜਿਵੇਂ ਕਿ ਖੋ-ਖੋ, ਵਾਲੀਬਾਲ, ਬਾਸਕਟਬਾਲ, ਯੋਗਾ ਅਤੇ ਐਥਲੈਟਿਕਸ ਵਿੱਚ ਜ਼ੋਨ ਪੱਧਰ, ਜ਼ਿਲ੍ਹਾ ਪੱਧਰ ਵਿੱਚ ਵੀ ਮੱਲ੍ਹਾਂ ਮਾਰ ਕੇ ਪਿੰਗਲਵਾੜਾ ਸੰਸਥਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ। ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈਫ਼ (ਗੂੰਗੇ-ਬੋਲੇ) ਸਕੂਲ ਦੇ ਬੱਚਿਆਂ ਨੇ ਦਸਵੀਂ ਜਮਾਤ ਵਿੱਚ ਐੱਨ.ਆਈ ਬੋਰਡ ਦੀ ਪ੍ਰੀਖਿਆ ਫ਼ਸਟ ਡਵੀਜ਼ਨ ਵਿੱਚ ਪਾਸ ਕੀਤੀ। ਡੀ.ਸੀ ਅੰਮ੍ਰਿਤਸਰ ਵੱਲੋਂ ਚਲਾਏ ਗਏ ਫ਼ਿਊਚਰ ਟਾਈਕੂਨ ਵਿੱਚੋਂ ਡੈੱਫ਼ ਸਕੂਲ ਦੇ ਵਿਦਿਆਰਥੀਆਂ ਨੇ ਸ਼ਚੂਲਪਟੂਰਏ ਵਿੱਚ 50,000 , ੰਓਚਰੋਨ ਅਤੇ ੍ਰਓਸਿਨ ਅਰਟ ਵਿੱਚ 20,000 ਕੈਸ਼ ਪਰਾਈਜ਼ ਪ੍ਰਾਪਤ ਕੀਤੇ। ਡੈੱਫ਼ ਸਕੂਲ ਦੇ ਅਧਿਆਪਕਾਂ ਅਤੇ ਕੋਚ ਨੂੰ ਵਧੀਆ ਕਾਰਗੁਜ਼ਾਰੀ ਲਈ 2000 ਇਨਾਮ ਵਜੋਂ ਦਿੱਤੇ ਗਏ। ਡੈੱਫ਼ ਸਕੂਲ ਦੇ ਬੱਚੇ ਸਿੱਖਿਆ ਪ੍ਰਾਪਤ ਕਰਕੇ ਵੱਖ -ਵੱਖ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ। ਕਾਨਪੁਰ ਵਿੱਚ ਨੈਸ਼ਨਲ ਜੂਡੋ ਮੁਕਾਬਲਾ ਕੀਤਾ ਗਿਆ ਜਿਸ ਵਿੱਚ ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈੱਫ਼ ਦੇ ਬੱਚਿਆਂ ਨੇ ਸੋਨੇ ਅਤੇ ਚਾਂਦੀ ਦੇ ਤਗਮੇ ਹਾਸਲ ਕੀਤੇ। ਭਗਤ ਪੂਰਨ ਸਿੰਘ ਇੰਸਟੀਚਿਊਟ ਫ਼ਾਰ ਸਪੈਸ਼ਲ ਨੀਡਜ਼ ਵਿੱਚ ਦੋ ਕੋਰਸ (H.I and I.D.D) ਕਰਵਾਏ ਜਾ ਰਹੇ ਹਨ। ਇਹ ਕੋਰਸ ਕਰਕੇ ਕਾਫ਼ੀ ਬੱਚੇ ਸਰਕਾਰੀ ਨੌਕਰੀਆਂ ਵੀ ਕਰ ਰਹੇ ਹਨ।

ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਸ੍ਰ. ਰਜਿੰਦਰਪਾਲ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਜੇਤੂ ਵਿਦਿਆਰਥੀਆਂ ਨੂੰ ਅਤੇ ਇਸ ਸਮਾਗਮ ਵਿੱਚ ਪੇਸ਼ਕਾਰੀਆਂ ਦਿਖਾਉਣ ਵਾਲੇ ਬੱਚਿਆਂ ਨੂੰ ਉਚੇ-ਚੇ ਤੋਰ ਤੇ ਵਧਾਈ ਦਿੱਤੀ। ਉਹਨਾਂ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਮਿਹਨਤ ਅਤੇ ਲਗਨ ਨਾਲ ਉੱਚੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਇਸ ਮੋਕੇ ਡਾ. ਇੰਦਰਜੀਤ ਕੌਰ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿੰਗਲਵਾੜਾ ਸੰਸਥਾ ਵਿੱਚ ਮਨੁੱਖਤਾ ਭਲਾਈ ਦੇ ਕਾਰਜ ਦਿਨ-ਰਾਤ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹ ਰਹੇ ਹਨ, ਇਸ ਲਈ ਉਹ ਸਾਰੀਆਂ ਸੰਗਤਾਂ ਦੇ ਕੋਟ-ਕੋਟ ਧੰਨਵਾਦੀ ਹਨ। ਉਹਨਾਂ ਸਲਾਨਾ ਸਮਾਗਮ ਨੂੰ ਨੇਪਰੇ ਚਾੜ੍ਹਨ ਵਾਲੇ ਸੇਵਾਦਾਰਾਂ ਦਾ ਵੀ ਉਚੇਚੇ ਤੋਰ ਤੇ ਧੰਨਵਾਦ ਕੀਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਲ੍ਹਾਂ ਮਾਰਦੇ ਰਹਿਣ ਲਈ ਪ੍ਰੇਰਿਆ। ਇਸ ਮੌਕੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਭਗਤ ਪੂਰਨ ਸਿੰਘ ਵਾਂਗ ਦੁਨੀਆਂ ਦੀ ਸੇਵਾ ਕਰਨ ਦਾ ਸੁਨੇਹਾ ਦਿੱਤਾ।

ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ ਪ੍ਰਧਾਨ ਪਿੰਗਲਵਾੜਾ, ਸ੍ਰ.ਮੁਖਤਾਰ ਸਿੰਘ ਗੋਰਾਇਆ ਆਨਰੇਰੀ ਸਕੱਤਰ, ਸ੍ਰ. ਰਾਜਬੀਰ ਸਿੰਘ ਜੀ ਮੈਂਬਰ ਪਿੰਗਲਵਾੜਾ, ਸ੍ਰ. ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ, ਬੀਬੀ ਪ੍ਰੀਤਇੰਦਰ ਕੌਰ ਮੈਂਬਰ ਪਿੰਗਲਵਾੜਾ, ਸ਼੍ਰੀ ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਸ੍ਰ. ਰਜਿੰਦਰ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਸ੍ਰ. ਪਰਮਿੰਦਰਜੀਤ ਸਿੰਘ ਭੱਟੀ, ਸ਼੍ਰੀ ਤਿਲਕ ਰਾਜ ਜਨਰਲ ਮੈਨੇਜਰ, ਸ੍ਰ.ਗੁਰਨਾਇਬ ਸਿੰਘ, ਡਾ. ਨਿਰਮਲ ਸਿੰਘ, ਡਾ. ਇੰਦਰਜੀਤ ਕੌਰ (ਰੇਨੂੰ), ਬੀਬੀ ਸੁਰਿੰਦਰ ਕੌਰ ਭੱਟੀ, ਬੀਬੀ ਰਾਜਵਿੰਦਰ ਕੌਰ ਬਾਜਵਾ (ਰਿਟਾ.) ਇੰਸਪੈਕਟਰ, ਸ੍ਰ. ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਸ਼੍ਰੀ ਗੁਲਸ਼ਨ ਰੰਜਨ ਮੈਡੀਕਲ ਸੋਸ਼ਲ ਵਰਕਰ, ਸ਼੍ਰੀ ਪਵਨ ਸ਼ਰਮਾ ਅਤੇ ਸ੍ਰ. ਦਲਵਿੰਦਰ ਸਿੰਘ, ਵਾਰਡ ਅਤੇ ਹੋਸਟਲ ਇੰਚਾਰਜ ਆਦਿ ਹਾਜ਼ਰ ਸਨ।

## ਖੇਡਾਂ ਨੂੰ ਵੀ ਰੱਖੋ ਅਪਣਾਈ ਬੱਚਿਓ

ਕਰੋ ਦਿਲ ਜਾਨ ਹੂਲ ਕੇ ਪੜ੍ਹਾਈ ਬੱਚਿਉ।
ਪਰ ਖੇਡਾਂ ਨੂੰ ਵੀ ਰੱਖੋ ਅਪਣਾਈ ਬੱਚਿਉ।
ਖੇਡਾਂ ਦੇ ਬਹਾਨੇ ਹੀ ਸਰੀਰ ਫਿੱਟ ਰਹੂਗਾ।
ਧੁੰਦਾਂ, ਲੂੰਆਂ, ਮੀਂਹ ਸਭ ਹੱਸ ਹੱਸ ਸਹੂਗਾ।
ਵਧੂਗੀ ਦਿਮਾਗ ਵੱਲ ਖ਼ੂਨ ਸਪਲਾਈ,
ਰਹੂ ਮਾਨਸਿਕ ਸਿਹਤ ਦੀ ਚੜ੍ਹਾਈ ਬੱਚਿਉ।
ਕਰੋ ਦਿਲ ਜਾਨ ਹੂਲ ਕੇ ਪੜ੍ਹਾਈ ਬੱਚਿਉ।
ਪਰ ਖੇਡਾਂ ਨੂੰ ਵੀ ਰੱਖੋ ਅਪਣਾਈ ਬੱਚਿਉ।
ਦੌੜਾਂ ਲਾਵੋ ਭਾਵੇਂ ਮਾਰੋ ਉੱਚੀ/ਲੰਮੀ ਛਾਲ਼ ਨੂੰ।
ਖੇਡੋ ਵਾਲੀਬਾਲ, ਹੈਂਡਬਾਲ, ਫੁੱਟਬਾਲ ਨੂੰ।
ਗੋਲ਼ਾ ਸੁੱਟੋ, ਰੱਸਾ ਖਿੱਚੋ, ਕਿਸ਼ਤੀ ਭਜਾਓ,
ਦਾਅ ਜਿੱਥੇ ਕਿਤੇ ਲੱਗੇ ਜਾਉ ਲਾਈ ਬੱਚਿਉ।
ਕਰੋ ਦਿਲ ਜਾਨ ਹੂਲ ਕੇ ਪੜ੍ਹਾਈ ਬੱਚਿਉ।
ਪਰ ਖੇਡਾਂ ਨੂੰ ਵੀ ਰੱਖੋ ਅਪਣਾਈ ਬੱਚਿਉ।
ਖੋ-ਖੋ, ਕਬੱਡੀ, ਜਿਮਨਾਸਟਿਕ ਬਾਜੀਆਂ।
ਬੰਦੂਕਾਂ ਦੇ ਨਿਸ਼ਾਨੇ ਭਾਵੇਂ ਤੀਰ-ਅੰਦਾਜ਼ੀਆਂ।
ਪੋਲ-ਵਾਲਟ, ਚਿੜੀ-ਛਿੱਕਾ, ਘੋੜ-ਅਸਵਾਰੀ,
ਪਹਿਲਵਾਨੀ ਚਾਹੇ ਭਾਰ-ਤੁਲਾਈ ਬੱਚਿਉ।
ਕਰੋ ਦਿਲ ਜਾਨ ਹੂਲ ਕੇ ਪੜ੍ਹਾਈ ਬੱਚਿਉ।
ਪਰ ਖੇਡਾਂ ਨੂੰ ਵੀ ਰੱਖੋ ਅਪਣਾਈ ਬੱਚਿਉ।
ਨੰਬਰਾਂ ਦੇ ਨਾਲ਼ ਜਦੋਂ ਮੈਡਲ ਵੀ ਆਉਣਗੇ।
'ਵਾਜ਼ਾਂ ਮਾਰ ਮਾਰ ਥੋਨੂੰ ਮਹਿਕਮੇ ਬੁਲਾਉਣਗੇ।
ਘੜਾਮੇਂ ਵਾਲ਼ੇ ਰੋਮੀ ਜਿਹਿਆਂ ਮਾਰਨੇ ਸੈਲਿਊਟ,
ਚੱਲੋ ਸ਼ੁਰੂ ਕਰੋ ਜ਼ੋਰ ਅਜਮਾਈ ਬੱਚਿਉ।
ਕਰੋ ਦਿਲ ਜਾਨ ਹੂਲ ਕੇ ਪੜ੍ਹਾਈ ਬੱਚਿਉ।
ਪਰ ਖੇਡਾਂ ਨੂੰ ਵੀ ਰੱਖੋ ਅਪਣਾਈ ਬੱਚਿਉ।



**ਰੋਮੀ ਘੜਾਮਾਂ**
**98552-81105**

## ਪੈਂਤੀ-ਪਰਿਵਾਰ

ਊੜਾ ਉੱਕਰਿਆ ਨਾਨਕ ਦੀ ਓਟ ਲੈ ਕੇ,
ਐੜਾ ਆਸਰਾ ਅਕਸਰ ਅਨਜਾਣ ਦਾ ਈ।
ਈੜੀ ਇਸ਼ਕ, ਇਬਾਦਤ ਦੀ ਨੀਂਹ ਰੱਖੀ,
ਸੱਸਾ ਸਿਦਕ ਦਾ ਈ, ਸੱਸਾ ਸਾਣ ਦਾ ਈ।
ਹਾਹੇ ਹੰਭਲ਼ਾ ਮਾਰਿਆ ਹੋਸ਼ ਲੈ ਕੇ,
ਹੋਇਆ ਹੰਝੂ ਤੇ ਹੌਕੇ ਦੇ ਹਾਣ ਦਾ ਈ।
ਜਿਹੜਾ ਭਾਸ਼ਾ ਪੰਜਾਬੀ ਦੀ ਜਾਣਦਾ ਏ,
ਓਹੀ ਵਿਰਸੇ ਦੀ ਰੰਗਤ ਨੂੰ ਮਾਣਦਾ ਈ।
ਕੱਕੇ ਕਾਸ਼ਨੀ ਰੰਗ ਦੀ ਪੱਗ ਬੰਨ੍ਹੀ,
ਖੱਖਾ ਖੋਲ੍ਹ ਕੇ ਬਾਂਹਾਂ ਤਿਆਰ ਹੋਇਆ।
ਗੱਗੇ ਗੁਰੂ ਦੀ ਮਹਿਮਾ ਦੇ ਗੀਤ ਗਾਏ
ਗੂੰਗੇ, ਗੁੰਮਸ਼ੁਦਾ ਗਲ਼ਿਆਂ ਦਾ ਹਾਰ ਹੋਇਆ।
ਘੱਘੇ ਘਾਲਣਾ ਘਾਲੀ ਤੇ ਘੁੰਮ ਚੜ੍ਹਿਆ,
ਜਾਤ ਮਿੱਟੀ ਤੇ ਵਾਲੀ ਘੁਮਿਆਰ ਹੋਇਆ।
ਮਾਂ ਬੋਲੀ ਤੇ ਬੋਲ ਕੇ ਕਹਿਣ ਲੱਗੀ,
ਕੀਕਣ ਭਾਸ਼ਾ ਤੋਂ ਵੱਡਾ ਸੰਸਾਰ ਹੋਇਆ!
ਚੱਚਾ ਚੌਧਰੀ ਚੋਟੀ ਦੀ ਬਾਤ ਪਾਵੇ,
ਛੱਛੇ ਛਿੜਕਿਆ ਈ, ਛੱਛੇ ਛੋੜਿਆ ਈ।
ਜੱਜੇ ਜੱਗ ਦੇ ਕੁੱਜੇ ਨੂੰ ਜਾਗ ਲਾਈ,
ਆਪਾ ਝੱਝੇ ਦੀ ਵੱਖੀ ਨਾਲ਼ ਜੋੜਿਆ ਈ।
ਞੰਞਾ ਬੋਲੇ ਨਾ, ਖੋਲ੍ਹੇ ਨਾ ਅੱਖ ਭੋਰਾ,
ਜੱਜੇ, ਝੱਝੇ ਬਥੇਰਾ ਝੰਜੋੜਿਆ ਈ।
ਠਹਿਰੋ! ਠਹਿਰੋ! ਨਾ ਛੱਡੋ ਪੰਜਾਬ ਏਦਾਂ,
ਬਾਪੂ ਰੋਕਿਆ ਈ , ਬੇਬੇ ਮੋੜਿਆ ਈ।
ਟੈਂਕੇ ਟੂੰਬਿਆ, ਟੋਕਿਆ, ਟੀਸ ਦਿੱਤੀ,
ਠੱਠਾ ਠਹਿਰ ਕੇ, ਠਿੱਲ੍ਹ ਕੇ ਵਹਿਣ ਲੱਗਾ।
ਡੱਡੇ ਡਮਰੂ ਸਿਆਸਤ ਦਾ ਹੱਥ ਫੜਿਆ,
ਢੱਢਾ ਢੋਲ-ਢਮੱਕੇ 'ਚ ਢਹਿਣ ਲੱਗਾ।
ਣਾਣੇ ਖ਼ਾਲੀ ਸੰਨਿਆਸ ਦਾ ਪੰਧ ਫੜਿਆ,
ਜੋਗੀ ਮਾਲ਼ਾ ਦੇ ਮਣਕੇ 'ਚ ਰਹਿਣ ਲੱਗਾ।
ਨਾ ਹੀ ਰੰਗ-ਤਮਾਸ਼ੇ, ਨਾ ਮਾਣ ਕੋਈ,
ਫ਼ੱਕਰ ਵਿੱਚ ਫ਼ਕੀਰੀ ਦੇ ਪੈਣ ਲੱਗਾ।
ਤੱਤਾ, ਥੱਥਾ ਤੇ ਦੱਦਾ ਉਚਾਰਦੀ ਸੀ,
ਜਿਹੜੀ ਜੀਭਾ ਉਹ ਝਿਜਕਦੀ, ਅਟਕਦੀ ਏ।
ਧੱਧਾ ਧਰਤੀ ਦਾ ਧਰਨੇ 'ਤੇ ਆਣ ਬੈਠਾ,
ਬੋਲੀ ਸੁੰਞਿਆਂ ਸ਼ਹਿਰਾਂ 'ਚ ਭਟਕਦੀ ਏ।
ਪਾਟੀ ਚੁੰਨੀ ਨਾਲ਼ ਕੱਜੇ ਕੀ? ਹੱਦ ਹੋਈ,
ਏ, ਬੀ, ਸੀ, ਡੀ ਤਾਂ ਟੌਪਾਂ 'ਚ ਮਟਕਦੀ ਏ।
ਰਾਣੀ ਪੈਂਤੀਆਂ ਅੱਖਰਾਂ ਵਾਲੜੀ ਨੂੰ,
ਸਾਜ਼ਸ਼ ਹੋਈ ਜੋ ਉਹਦੇ ਨਾਲ਼ ਖਟਕਦੀ ਏ।
ਪੱਪੇ ਪੈਂਤੜਾ ਬਦਲਿਆ ਪਰਤ ਆਇਆ,
ਫੱਫਾ ਅੱਖ ਦੇ ਫੋਰ ਫ਼ਰਾਰ ਹੋਇਆ।
ਬੱਬਾ ਬਾਹਰਮੁਖੀਆ, ਮੁੜ-ਮੁੜ ਬਾਹਰ ਜਾਵੇ,
ਭੱਭਾ ਭੱਜ ਕੇ ਪੈਰਾਂ ਦੇ ਭਾਰ ਹੋਇਆ,
ਮੰਮਾ ਮੋਰਨੀ ਨੱਚੀ ਤੋਂ ਮੋਰ ਬਣਿਆ,
ਨਾ ਉਹ ਫੁੱਲ ਹੋਇਆ ਤੇ ਨਾ ਖ਼ਾਰ ਹੋਇਆ।
ਸਾਰੇ ਲਾਣੇ ਨੂੰ ਨੋਟਾਂ ਦਾ ਇਸ਼ਕ ਲੱਗਾ,
ਬੋਲੀ ਖੱਜਲ਼ , ਪੰਜਾਬੀ ਖ਼ੁਆਰ ਹੋਇਆ।
ਯੱਯਾ ਯਾਰੀਆਂ, ਯੁੱਧਾਂ ਤੇ ਅਣਖ ਵਾਲ਼ਾ,
ਰਾਰੇ ਚੀਸ ਵੱਟੀ, ਰਾਰਾ ਹੋਣ ਵਿੱਚੋਂ।
ਲੱਲਾ ਲਾਮ ਤੇ ਲਸ਼ਕਰ ਦੀ ਬਹਿਸ ਅੰਦਰ,
ਕਿੱਲਾ ਕੱਢ ਕੇ ਬਹਿ ਗਿਆ ਧੌਣ ਵਿੱਚੋਂ।
ਵਾਵਾ ਵਿਲਕਿਆ ਵਿਲਕ ਕੇ ਧਾਹ ਮਾਰੀ,
ਜੀਕਣ ਤਿੜਕਦੀ ਖ਼ੂਹਾਂ ਦੀ ਮੌਣ ਵਿੱਚੋਂ।
ਪੈਂਤੀ ਗੰਢਾਂ ਤੇ ਗੰਢਾਂ ਦੇ ਵਿੱਚ ਲੀਰਾਂ,
ੜਾੜਾ ਖ਼ਾਲੀ ਤੇ ਨਿਕਲ਼ਿਆ ਕੌਣ ਵਿੱਚੋਂ?
ਖੋਲ੍ਹੋ ਜਪੁਜੀ ਉਚਾਰ ਲਓ ਮੂਲ ਮੰਤਰ,
ਬਾਬਾ ਨਾਨਕ ਪੰਜਾਬੀ ਦਾ ਪੀਰ ਕੱਢੋ।
ਦੇਵੋ ਕਲਮਾਂ ਨੂੰ ਨਿੱਘੀ ਅਸੀਸ ਕੋਈ,
ਸਾਂਭੀ ਵਿੱਚ ਕਿਤਾਬਾਂ ਦੇ ਹੀਰ ਕੱਢੋ।
ਕੋਈ ਗੁਰਮੁਖ ਜਾਂ ਆਸ਼ਕ,ਅਦੀਬ ਆਵੇ,
ਵੱਜਾ ਹਿਰਨੀ ਦੇ ਮੱਥੇ 'ਚੋਂ ਤੀਰ ਕੱਢੋ।
ਸੇਵਾਦਾਰ ਬਣਦੇ, ਅਹੁਦੇਦਾਰ ਬਣ ਗਏ,
ਕੱਢੋ! ਕੱਢੋ! ਵਿਦਵਾਨੀ ਦਾ ਟੀਰ ਕੱਢੋ।



**ਰਿਤੂ ਵਾਸੂਦੇਵ**



# ਬੁੱਧ ਬਾਣ: ਜਦੋਂ ਕੜਾਹ ਖਾਣੇ ਗੁਲਾਮ ਬਣੇ !

ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਪਹਿਲਾਂ ਮੁਫ਼ਤ ਦੀ ਚਾਟ ਉੱਤੇ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਨੇ ਲਗਾਇਆ, ਜਦੋਂ ਗਧੇ ਤੇ ਘੋੜਿਆਂ ਨੂੰ ਇੱਕੋ ਕੀਲੇ ਬੰਨ੍ਹਿਆ ਸੀ। ਉਦੋਂ ਹਜ਼ਾਰ ਏਕੜ ਜ਼ਮੀਨ ਵਾਹੁਣ ਵਾਲੇ ਨੂੰ ਵੀ ਤੇ ਇੱਕ ਏਕੜ ਵਾਹੁਣ ਵਾਲੇ ਨੂੰ ਵੀ ਬਿਜਲੀ ਪਾਣੀ ਮੁਫ਼ਤ ਦਿੱਤੀ। ਵਪਾਰੀਆਂ ਨੂੰ ਖੁਸ਼ ਕਰਨ ਲਈ ਚੁੰਗੀਆਂ ਚੱਕ ਦਿੱਤੀਆਂ। ਪੰਜਾਬ ਸਰਕਾਰ ਵਲੋਂ ਮਹਿੰਗੇ ਭਾਅ ਬਹੁਕੌਮੀ ਕੰਪਨੀਆਂ ਤੋਂ ਬਿਜਲੀ ਖ਼ਰੀਦਣ ਲਈ ਨਿਯਮਾਂ ਨੂੰ ਛਿੱਕੇ ਟੰਗਿਆ। ਪੰਜਾਬ ਵਿੱਚ ਹੁਣ ਵੀ ਝਾਰਖੰਡ ਤੋਂ ਬਿਜਲੀ ਆਉਂਦੀ ਹੈ। ਹਜ਼ਾਰਾਂ ਕਰੋੜਾਂ ਰੁਪਏ ਦੀ ਬਿਜਲੀ ਮੁਫ਼ਤ ਦੇਣ ਕਰਕੇ ਵਿਕਾਸ ਕਾਰਜ਼ ਠੱਪ ਹੋ ਗਏ। ਪੰਜਾਬ ਰਾਜ ਬਿਜਲੀ ਬੋਰਡ ਨੂੰ ਪਾਵਰਕੌਮ ਬਣਾ ਕੇ ਉਸ ਦੇ ਫਿਊਜ਼ ਉਡਾ ਦਿੱਤੇ। ਬੀਬੀਆਂ ਨੂੰ ਮੁਫ਼ਤ ਬੱਸ ਸੇਵਾ ਸ਼ੁਰੂ ਕਰ ਕੇ, ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਵਿਭਾਗ ਦਾ ਬੇੜਾ ਗ਼ਰਕ ਕੀਤਾ। ਬਾਦਲ ਨੇ ਆਪਣੇ ਬੇੜੇ ਨੂੰ ਵਧਾਇਆ। ਆਟਾ ਦਾਲ ਸਕੀਮ ਤਹਿਤ ਅਮੀਰਾਂ ਤੇ ਗਰੀਬਾਂ ਦੇ ਨੀਲੇ ਕਾਰਡ ਬਣਾਏ। ਇਹ ਨੀਲੇ ਕਾਰਡ ਬਣਾਉਣ ਲਈ ਅਣਖੀ ਸੂਰਮਿਆਂ ਨੇ ਮੂੰਹ ਨੂੰ ਮਿੱਟੀ ਮਲੀ। ਚੋਣਾਂ ਵੇਲੇ ਹਰ ਤਰ੍ਹਾਂ ਦਾ ਨਸ਼ਾ ਵੰਡਿਆ ਗਿਆ। ਆਰਥਿਕ ਮੰਦਹਾਲੀ ਕਾਰਨ ਸਰਕਾਰਾਂ ਨੇ ਕਰਜ਼ਾ ਚੁੱਕ ਚੁੱਕ ਕੇ ਵਕਤ ਲੰਘਾਇਆ। ਹੁਣ ਪੰਜਾਬ ਸਰਕਾਰ ਪੌਣੇ ਦੋ ਲੱਖ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਹੇਠ ਹੈ। ਪੰਜਾਬ ਦੀ ਪੱਚੀ ਪ੍ਰਤੀਸ਼ਤ ਜ਼ਮੀਨ ਸੜਕਾਂ ਤੇ ਕਲੋਨੀਆਂ ਹੇਠਾਂ ਆ ਗਈ। ਖੇਤੀਬਾੜੀ ਲਈ ਜ਼ਮੀਨ ਘੱਟ ਰਹੀ ਹੈ। ਲੋਕਾਂ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਦੌੜ ਲਗਾਈ ਤੇ ਪਿੰਡਾਂ ਵਿੱਚ ਪਰਵਾਸੀ ਭਾਰਤੀ ਆ ਗਿਆ। ਪੰਜਾਬ ਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਲੱਖਾਂ ਰੁਪਏ ਖ਼ਰਚ ਕਰ ਕੇ ਵਿਦੇਸ਼ਾਂ ਨੂੰ ਭੇਜਿਆ। ਜ਼ਮੀਨਾਂ ਕੋਠੀਆਂ ਵੇਚ ਕੇ ਨੌਜਵਾਨ ਦੋ ਨੰਬਰ ਦੇ ਵਿਆਹ ਕਰਵਾ ਕੇ, ਡੌਂਕੀ ਲਾ ਕੇ ਵਿਦੇਸ਼ ਪੁਜੇ। ਹੁਣ ਉਹਨਾਂ ਨੂੰ ਵਿਦੇਸ਼ਾਂ ਤੋਂ ਵਾਪਸ ਭੇਜਿਆ ਜਾ ਰਿਹਾ ਹੈ। ਹਰ ਰੋਜ਼ ਫੌਜੀ ਜਹਾਜ਼ ਭਰ ਕੇ ਭੇਜ ਰਿਹਾ ਸੀ। ਅਮਰੀਕਾ ਅਗਲੇ ਸਮਿਆਂ ਵਿੱਚ ਕੀ ਚੰਦ ਚਾੜਦਾ ਹੈ, ਉਸਨੇ ਭਾਰਤ ਸਰਕਾਰ ਦੀ ਬਾਂਹ ਮਰੋੜ ਦਿੱਤੀ ਹੈ। ਪੰਜਾਬ ਦੇ ਲੋਕ ਆਪੋ ਆਪਣੀ ਡਫਲੀ ਵਜਾ ਕੇ ਗੁਜ਼ਾਰਾ ਕਰਦੇ ਹਨ। ਕਿਸਾਨ ਜਥੇਬੰਦੀਆਂ ਧਰਨੇ ਲਗਾ ਰਹੀਆਂ ਹਨ। ਸਿਆਸੀ ਪਾਰਟੀਆਂ ਵਿੱਚ ਇੱਕ ਦੂਜੇ ਨੂੰ ਠਿੱਬੀ ਲਾਉਣ ਲਈ ਦਾਅ ਪੇਚ ਖੇਡ ਰਹੀਆਂ ਹਨ। ਅਕਾਲੀ ਦਲ ਬਾਦਲ ਤੇ ਅਕਾਲ ਤਖ਼ਤ ਦੇ ਜਥੇਦਾਰ ਵਿਚਕਾਰ ਯੁੱਧ ਚੱਲ ਰਿਹਾ ਹੈ। ਲੋਕ ਤਮਾਸ਼ਬੀਨ ਬਣ ਕੇ ਸੁਆਦ ਲੈਣ ਲੱਗੇ ਹਨ। ਆਮ ਆਦਮੀ ਪਾਰਟੀ ਦਿੱਲੀ ਤੋਂ ਬੋਰੀਆ ਬਿਸਤਰਾ ਗੋਲ ਕਰਕੇ ਪੰਜਾਬ ਆ ਗਈ ਹੈ। ਗ਼ੈਰ ਸੰਵਿਧਾਨਕ ਅਹੁਦਿਆਂ ਉਤੇ ਦਿੱਲੀ ਦੇ ਧਾੜਵੀਆਂ ਨੇ ਕਬਜ਼ਾ ਕਰ ਲਿਆ। ਉਹ ਪੰਜਾਬ ਨੂੰ ਦੋਵੇਂ ਹੱਥਾਂ ਨਾਲ ਲੁੱਟ ਰਹੇ ਹਨ। ਅਗਲੇ ਸਮਿਆਂ ਵਿੱਚ ਕੀ ਹੋਣਾ ਹੈ, ਪਤਾ ਨਹੀਂ। ਤੁਸੀਂ ਲਵੋ ਨਜ਼ਾਰੇ।

--------

ਜਦੋਂ ਅੰਗਰੇਜ਼ਾਂ ਨੇ ਅਫਰੀਕਾ ਦੇ ਵਿੱਚ ਜਾ ਆਪਣਾ ਕਾਰੋਬਾਰ ਸ਼ੁਰੂ ਕੀਤਾ ਤਾਂ ਉਥੋਂ ਦੀ ਭੁੱਖ ਮਰੀ ਦੇਖ ਕੇ ਉਹਨਾਂ ਨੇ ਵੱਖ ਵੱਖ ਇਲਾਕਿਆਂ ਵਿਚ ਗਿਰਜਾ ਘਰ ਬਣਾਏ। ਲੋਕਾਂ ਨੂੰ ਭਰਮਾਉਣ ਲਈ ਉਹਨਾਂ ਇਹਨਾਂ ਗਿਰਜਾ ਘਰਾਂ ਦੇ ਵਿੱਚ ਕੜਾਹ ਖਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਲੋਕ ਚਰਚ ਵਿਚ ਆਉਂਦੇ ਤੇ ਕੜਾਹ ਖਾਂਦੇ। ਚਲੇ ਜਾਂਦੇ, ਪਰ ਇੱਕ ਕਿਸਾਨ ਨਾ ਆਉਂਦਾ। ਅੰਗਰੇਜ਼ਾਂ ਨੇ ਸ਼ਨਾਖ਼ਤ ਕਰਨੀ ਸ਼ੁਰੂ ਕਰ ਦਿੱਤੀ। ਕਿਹੜਾ ਕੜਾਹ ਖਾਣ ਨਹੀਂ ਆਉਂਦਾ, ਕੁੱਝ ਸਮੇਂ ਬਾਅਦ ਦੇਖਿਆ ਇਕ ਕਿਸਾਨ ਨਹੀਂ ਸੀ ਆਉਂਦਾ, ਉਹ ਸਗੋਂ ਅੰਗਰੇਜ਼ਾਂ ਦਾ ਵਿਰੋਧ ਕਰਦਾ ਸੀ ਤੇ ਉਹ ਪਿੰਡ ਵਾਸੀਆਂ ਨੂੰ ਕਹਿੰਦਾ ਸੀ ਕਿ ਇਹ ਮੁਫ਼ਤ ਦਾ ਕੜਾਹ ਤੁਹਾਡੇ ਹੱਡ ਹਰਾਮੀ ਕਰੇਗਾ। ਇਸ ਮਿੱਠੇ ਨੇ ਤੁਹਾਨੂੰ ਤਬਾਹ ਕਰ ਦੇਣਾ ਐ। ਤੁਸੀਂ ਕਾਸੇ ਜੋਗੇ ਨਹੀਂ ਰਹਿਣਾ। ਇਹ ਤੁਹਾਡੀਆਂ ਜ਼ਮੀਨਾਂ ਦੱਬਣਗੇ, ਤੁਹਾਨੂੰ ਵਿਹਲੇ ਕਰਨਗੇ। ਇਕ ਦਿਨ ਤੁਸੀਂ ਇਹਨਾਂ ਦੇ ਗੁਲਾਮ ਬਣ ਜਾਣਾ ਐ। ਫੇਰ ਗ਼ੁਲਾਮੀ ਦੀ ਜੂਨ ਹੰਢਾਉਂਦੇ ਰਿਹੋ। ਉਹ ਆਪਣੇ ਪਿੰਡ ਦੇ ਲੋਕਾਂ ਨੂੰ ਕਲਪਦਾ ਰਹਿੰਦਾ ਐ। ਪਰ ਲੋਕ ਉਸਨੂੰ ਬੁਰਾ ਭਲਾ ਬੋਲਦੇ ਤੇ ਉਸ ਦੀਆਂ ਅੰਗਰੇਜ਼ਾਂ ਕੋਲ ਸ਼ਿਕਾਇਤ ਕਰਦੇ। ਇਕ ਅੰਗਰੇਜ਼ਾਂ ਨੇ ਉਸ ਨੂੰ ਗਿਰਫਤਾਰ ਕੀਤਾ। ਉਸਨੂੰ ਸਜ਼ਾ ਦਿੱਤੀ ਕਿ ਤੂੰ ਸੱਤ ਸਾਲ ਪਿੰਡ ਨਹੀਂ ਵੜ ਸਕਦਾ। ਪਿੰਡ ਤੋਂ ਦੂਰ ਚਲੇ ਜਾ। ਉਹ ਆਪਣਾ ਪਿੰਡ ਛੱਡ ਕੇ ਦੂਰ ਜੰਗਲ ਵਿੱਚ ਚਲੇ ਗਿਆ। ਸੱਤ ਬੀਤਣ ਤੋਂ ਬਾਅਦ ਜਦ ਉਹ ਪਿੰਡ ਮੁੜਿਆ ਤਾਂ ਉਹ ਹੈਰਾਨ ਰਹਿ ਗਿਆ, ਸਭ ਕੁੱਝ ਦੇਖ ਕੇ। ਉਸਦੇ ਪਿੰਡ ਦੀ ਸਾਰੀ ਜ਼ਮੀਨ ਜਾਇਦਾਦ ਉਪਰ ਕਬਜ਼ਾ ਅੰਗਰੇਜ਼ਾਂ ਦਾ ਸੀ। ਪਿੰਡ ਵਿੱਚ ਜੇ ਜ਼ਮੀਨ ਬਚੀ ਸੀ ਤਾਂ ਉਸ ਦੀ ਸੀ। ਕਿਉਂਕਿ ਉਸਨੇ ਜ਼ਮੀਨ ਉਪਰ ਕੋਈ ਕਰਜ਼ਾ ਤੇ ਮਸ਼ੀਨਰੀ ਨਹੀਂ ਲਈ ਸੀ।




ਇਹ ਸਾਰੀ ਕਹਾਣੀ ਇੱਕ ਅਫਰੀਕੀ ਨਾਵਲ ਸ਼ਨਵਾ ਅਸ਼ਬੀ ਦਾ " *ਦਾ ਥਿੰਗਜ ਫਾਲ ਅਪਾਰਟ" ਜਿਸਨੂੰ ਪੰਜਾਬੀ ਵਿਚ ਅਨੁਵਾਦ ਡਾ. ਜੋਗਿੰਦਰ ਕੈਰੋਂ ਨੇ ਕੀਤਾ ਐ *ਟੁੱਟ ਭੱਜ*, ਜਿਸ ਦਾ ਇਕ ਪਾਤਰ ਇਸ ਮੁਫਤ ਦੇ ਕੜਾਹ ਦਾ ਵਿਰੋਧ ਕਰਦਾ ਐ। ਇਹ ਨਾਵਲ ਪੰਜਾਬ ਦੇ ਭਵਿੱਖ ਦੀ ਨਿਸ਼ਾਨਦੇਹੀ ਕਰਦਾ ਐ। ਇਹ ਨਾਵਲ ਚੇਤਨਾ ਪ੍ਰਕਾਸ਼ਨ ਲੁਧਿਆਣਾ ਤੋਂ ਮਿਲ ਸਕਦਾ ਐ। ਸੁਮਿਤ ਗੁਲਾਟੀ 9876207774 ਤੋਂ ਮੰਗਵਾ ਕੇ ਪੜ੍ਹ ਲਿਓ ਆਪਣਾ ਭਵਿੱਖ।

*****

ਉਦੋਂ ਤੱਕ ਬਾਬਾ ਰਤਨ ਸਿੰਘ ਦੀ ਮੇਰੇ ਨਾਲ ਹੋਈ ਗੱਲਬਾਤ ਸੁਣ ਲਵੋ।

ਅੱਜ ਮੈਨੂੰ ਬਾਬਾ ਰਤਨ ਸਿੰਘ ਦਾ ਫੋਨ ਆਇਆ, ਉਹਨਾਂ ਨੇ ਦੱਸਿਆ ਕਿ ਇਸ ਵਕਤ ਮੈਂ ਵੰਨਵੇਂ ਸਾਲਾਂ ਦਾ ਆ। ਤੈਨੂੰ ਕੁੱਝ ਦੱਸਣ ਲਈ ਫੋਨ ਕੀਤਾ ਐ, ਕਿ ਤੁਸੀਂ ਇਸਨੂੰ ਆਪਣੀ ਲਿਖਤ ਬਣਾ ਲੈਣਾ। ਉਹਨਾਂ ਦੱਸਿਆ ਕਿ ਸਾਡੇ ਪਿੰਡ ਦੇ ਬੰਦੇ ਸੱਥਾਂ ਵਿੱਚ ਬੈਠੇ ਤਾਸ਼ ਕੁੱਟਦੇ ਹਨ ਤੇ ਘਰਾਂ ਵਿੱਚ ਪਰਵਾਸੀ ਮੌਜਾਂ ਲੁੱਟਦੇ ਹਨ। ਮੰਡੀ ਵਿੱਚ ਫ਼ਸਲ ਦੀ ਤਲਾਈ ਵੇਲੇ ਸਰਦਾਰ ਜੀ ਜਾਂਦੇ ਹਨ। ਫੇਰ ਜਦੋਂ ਬੈਂਕਾਂ ਵਾਲੇ ਆਉਂਦੇ ਹਨ, ਫੇਰ ਕਿਸਾਨ ਇਕੱਠੇ ਹੋ ਕੇ ਧਰਨਾ ਲਗਾਉਂਦੇ ਹਨ। ਇਹ ਨਵਾਂ ਡਰਾਮਾ ਕਰ ਰਹੇ ਹਨ। ਜੇ ਕਰਜ਼ਾ ਲਿਆ ਹੈ, ਉਹ ਮੋੜਣਾ ਵੀ ਹੈ। ਇਹ ਬੈਂਕ ਮੁਲਾਜ਼ਮਾਂ ਨੂੰ ਬੰਦੀ ਬਣਾ ਭਾਸ਼ਣ ਝਾੜਦੇ ਨੇ ਤੇ ਸੌਦੇਬਾਜ਼ੀ ਕਰਦੇ ਹਨ। ਪਹਿਲਾਂ ਇਹਨਾਂ ਨੂੰ ਪੰਜਾਬ ਦੀ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਨੇ ਮੁਫ਼ਤ ਦਾ ਕੜਾਹ ਐਸਾ ਛਕਾਇਆ ਐ, ਲੋਕ ਹੱਕਾਂ ਲਈ ਇਕੱਠੇ ਨਾ ਹੋਣ, ਜੇ ਕਿਤੇ ਨੀਲੇ ਕਾਰਡ ਵਿਚੋਂ ਨਾਮ ਕੱਟ ਤਾਂ, ਧਰਨਾ ਲਗਾ ਕੇ ਬਹਿ ਜਾਣਗੇ। ਇਹਨਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਤੁਹਾਡੇ ਪਿਉ ਦਾਦੇ ਜਿਹਨਾਂ ਦੇ ਅੱਧੀ ਦਰਜਨ ਜੁਆਕ ਹੁੰਦੇ ਸਨ, ਉਹ ਨਹੀਂ ਜਿਉਂਦੇ ਰਹੇ। ਤੁਹਾਡੇ ਘਰਾਂ ਵਿੱਚ ਜੁਆਕ ਇਕ ਜਾਂ ਦੋ ਹਨ। ਮਾਪੇ ਤੁਹਾਡੇ ਬਿਰਧ ਆਸ਼ਰਮ ਦੇ ਵਿੱਚ ਤੇ ਤੀਵੀਂਆਂ ਬਿਊਟੀ ਪਾਰਲਰਾਂ ਦੇ ਵਿੱਚ ਜਾਂ ਫੇਰ ਕਿਸੇ ਸਾਧ ਦੇ ਡੇਰੇ ਉਤੇ, ਤੁਸੀਂ ਆਖਦੇ ਸਰਕਾਰ ਸਾਡੇ ਨਾਲ ਧੱਕਾ ਕਰਦੀ ਐ। ਤੁਹਾਡੇ ਹੱਡ ਹਰਾਮੀ ਹੋ ਗਏ ਨੇ, ਤੁਹਾਡੇ ਵਿੱਚ ਸੱਤਿਆ ਨਹੀਂ ਰਹੀ। ਫੁਕਰਪੁਣਾ ਤੁਸੀਂ ਸਿਰੇ ਦਾ ਕਰਦੇ ਓ। ਆਸ਼ਰਮ ਵਿੱਚ ਮਰੀ ਮਾਂ ਦਾ ਭੋਗ ਮੈਰਿਜ ਪੈਲੇਸਾਂ ਵਿੱਚ ਪਾਉਂਦੇ ਓ। ਕੁੜੀਆਂ ਦੇ ਵਿਆਹ ਉਤੇ ਕੰਜਰ ਨਚਾਉਂਦੇ ਓ। ਥੋਨੂੰ ਕੋਈ ਸ਼ਰਮ ਹਿਆ ਐ।

*ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ ਲਈ, ਡਾਕਾ ਤਾਂ ਨੀ ਮਾਰਿਆ,॥ ਤੀਜਾ ਪੈੱਗ ਲਾ ਕੇ ਤੇਰੀ ਬਾਂਹ ਫੜ੍ਹਨੀ॥*

ਕਿਤੇ ਡੁੱਬ ਕੇ ਮਰ ਜਾਓ। ਸਾਲੇ ਯੱਧੇ ਪੈੱਗ ਲਾ ਕੇ ਬਾਂਹ ਫੜਨ ਦੇ।

ਬਾਬਾ ਹੋਰ ਪਤਾ ਨਹੀਂ ਕੀ ਕੀ ਬੋਲਦਾ ਰਿਹਾ। ਮੇਰੇ ਕੰਨ ਅੰਬ ਹੋ ਗਏ।

ਬਾਬਾ ਬੋਲਦਾ ਸੀ, ਇਹਨਾਂ ਨੂੰ ਜ਼ਮੀਨਾਂ ਦੀ ਘੁਮੇਰ ਚੜ੍ਹੀ ਐ। ਤੂੰ ਦੇਖੀ ਇਹ ਅਗਲੇ ਦਿਨਾਂ ਵਿੱਚ ਨਾ ਘਰ ਦੇ ਨਾ ਘਾਟ ਦੇ ਰਹਿਣਗੇ। ਜ਼ਮੀਨਾਂ ਤਾਂ ਬੈਂਕਾਂ ਕੋਲ ਗਿਰਵੀ ਨੇ। ਲਿਮਟਾਂ ਤੇ ਕਰਜ਼ਿਆਂ ਨੇ ਇਹਨਾਂ ਦਾ ਝੁੱਗਾ ਚੌੜ ਚੁਪੱਟ ਕਰਨਾ ਐ। ਤੂੰ ਦੇਖੀ ਇਹ ਦਿਹਾੜੀਆਂ ਕਰਦੇ ਫਿਰਨਗੇ।

ਚੱਲ ਛੱਡ ਆਪਾਂ ਇਹਨਾਂ ਮੰਗਤਿਆਂ ਤੋਂ ਕੀ ਲੈਣਾ ਐ। ਇਹਨਾਂ ਨੂੰ ਮੁਫ਼ਤ ਦਾ ਕੜਾਹ ਖਾਣ ਦਿਓ।

ਬਾਬੇ ਦੀ ਇਹ ਭਵਿੱਖਬਾਣੀ ਨੇ ਮੈਨੂੰ ਚੁੱਪ ਕਰਵਾ ਦਿੱਤਾ ਹੈ। ਹੁਣ ਮੈਂ ਚੁੱਪ ਆਂ। ਪਰ ਮੇਰੇ ਅੰਦਰ ਮਹਾਂ ਭਾਰਤ ਦੀ ਜੰਗ ਚੱਲਦੀ ਐ।

ਮੇਰਾ ਅੰਦਰ ਕੁਰਕਸ਼ੇਤਰ ਦਾ ਘਮਾਸਾਨ ਯੁੱਧ ਚੱਲ ਰਿਹਾ ਐ।

ਮੈਨੂੰ ਲੈਂਡ ਪੂਲਿੰਗ ਅਧੀਨ ਆ ਰਹੇ ਪਿੰਡਾਂ ਦੇ ਲੋਕਾਂ ਦਾ ਭਵਿੱਖ ਨਜ਼ਰ ਆ ਰਿਹਾ ਹੈ। ਹੁਣ ਲੋਕਾਂ ਨੂੰ ਇਕੱਠੇ ਹੋ ਕੇ ਇਸ ਦੇ ਖ਼ਿਲਾਫ਼ ਲੜਨਾ ਪਵੇਗਾ। ਨਹੀਂ ਆਉਣ ਵਾਲੇ ਸਮੇਂ ਵਿੱਚ ਭਰਾ ਮਾਰੂ ਜੰਗ ਹੋਵੇਗੀ। ਕਿਉਂਕਿ ਸਰਕਾਰ ਨੇ ਪੁਲਿਸ ਬਲ ਨਾਲ ਇਹਨਾਂ ਜ਼ਮੀਨਾਂ ਉੱਪਰ ਕਬਜ਼ਾ ਕਰਨਾ ਹੈ। ਪੁਲਿਸ ਮੁਲਾਜ਼ਮ ਵੀ ਪੰਜਾਬ ਦੇ ਤੇ ਕਿਸਾਨ ਮਜ਼ਦੂਰ ਵੀ ਪੰਜਾਬ ਦੇ। ਇਹ ਇੱਕ ਦੂਜੇ ਨੂੰ ਕੁੱਟਣ ਤੇ ਮਾਰਨਗੇ। ਨੁਕਸਾਨ ਦੋਵੇਂ ਪਾਸੇ ਪੰਜਾਬ ਦੇ ਲੋਕਾਂ ਦਾ ਹੋਵੇਗਾ। ਇਸ ਸਮੇਂ ਪੰਜਾਬ ਬਹੁਤ ਨਾਜ਼ੁਕ ਮੋੜ ਉਤੇ ਆ ਕੇ ਖੜ੍ਹ ਗਿਆ ਹੈ। ਕੀ ਬਣੇਗਾ ਪੰਜਾਬ ਦਾ??

-----



**ਬੁੱਧ ਸਿੰਘ ਨੀਲੋਂ**
**9464370823**

# ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 5 ਤੋਂ 12 ਅਗਸਤ ਤੱਕ ਰੋਸ ਪ੍ਰਦਰਸ਼ਨ ਕਰਕੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਪੰਜਾਬ ਦੇ ਪੁਤਲੇ ਫੂਕਣ ਦਾ ਐਲਾਨ

## ਭਗਵੰਤ ਮਾਨ ਸਰਕਾਰ' ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦੀ ਅਣਦੇਖੀ ਕਰਨ ਦਾ ਲਾਇਆ ਦੋਸ਼



**ਫ਼ਰੀਦਕੋਟ ।** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਦੀ ਇੱਕ ਮੀਟਿੰਗ ਅੱਜ ਸਥਾਨਕ ਪੈਨਸ਼ਨਰ ਭਵਨ ਵਿਖੇ ਪਾਵਰ ਕੌਮ ਪੈਨਸ਼ਨਰ ਯੂਨੀਅਨ ਦੇ ਸੂਬਾਈ ਆਗੂ ਚੰਦ ਸਿੰਘ ਡੋਡ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪੰਜਾਬ ਮੰਡੀ ਬੋਰਡ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਵੀਰਇੰਦਰਜੀਤ ਸਿੰਘ ਪੁਰੀ , ਸਿਵਲ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਇੰਦਰਜੀਤ ਸਿੰਘ ਖੀਵਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406 ਦੇ ਸੂਬਾਈ ਆਗੂ ਜਤਿੰਦਰ ਕੁਮਾਰ, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਸਰਬਜੀਤ ਕੌਰ ਮਚਾਕੀ, ਲਖਵਿੰਦਰ ਕੌਰ ਕੰਮੇਆਣਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜਿਲਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਬਲਕਾਰ ਸਿੰਘ ਸਹੋਤਾ ਜ਼ਿਲ੍ਹਾ ਜਨਰਲ ਸਕੱਤਰ ਕਲਾਸ ਫੋਰ ਯੂਨੀਅਨ, ਹਰਪਾਲ ਸਿੰਘ ਮਚਾਕੀ,ਅਸ਼ੋਕ ਕੁਮਾਰ ਸੇਠੀ, ਰਵੀ ਕਿਰਨ ਸਿੰਘ ਤੇ ਲਵੀ ਕੁਮਾਰ ਆਗੂ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ, ਪੈਨਸ਼ਨਰ ਆਗੂ ਬਿਜਲੀ ਬੋਰਡ ਬਲਵਿੰਦਰ ਰਾਮ ਸ਼ਰਮਾ ਤੇ ਚਿਤਰੰਜਨ ਗਾਭਾ, ਕੁਲਬੀਰ ਸਿੰਘ ਟੈਕਨੀਕਲ ਸਰਵਿਸਿਜ਼ ਯੂਨੀਅਨ, ਸ਼ਿਵ ਨਾਥ ਦਰਦੀ ਆਗੂ ਬਾਬਾ ਫਰੀਦ ਸਿਕਿਊਰਟੀ ਗਾਰਡ ਮੁਲਾਜ਼ਮ ਯੂਨੀਅਨ, ਮਨੋਹਰ ਸਿੰਘ ਧੁੰਨਾ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਸੰਤ ਸਿੰਘ ਮੁੱਖ ਅਧਿਆਪਕ, ਅਮਰਜੀਤ ਸਿੰਘ ਵਾਲੀਆ, ਇੰਜਨੀਅਰ ਜੀਤ ਸਿੰਘ , ਸੁਖਦੇਵ ਸਿੰਘ ਬੀ ਪੀ ਈ ਓ, ਬਿਸ਼ਨ ਕੁਮਾਰ ਅਰੋੜਾ ਆਗੂ ਸਿਵਲ ਪੈਨਸ਼ਨਰ ਐਸੋਸੀਏਸ਼ਨ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪਿਛਲੇ ਲਗਭਗ ਸਾਢੇ ਤਿੰਨ ਸਾਲਾਂ ਤੋਂ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਗਈ ਨਾਂਹ ਪੱਖੀ ਪਹੁੰਚ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਸੂਬਾ ਕਮੇਟੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ 5 ਅਗਸਤ ਨੂੰ ਸਵੇਰੇ 11 ਵਜੇ ਬਾਜਾਖਾਨਾ ਵਿਖੇ ਪੁਲ ਹੇਠਾਂ, 6 ਅਗਸਤ ਨੂੰ ਸਵੇਰੇ 11 ਵਜੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਮਿਨੀ ਸਕੱਤਰੇਤ ਦੇ ਸਾਹਮਣੇ ਜਾਮਣਾਂ ਹੇਠਾਂ, 8 ਅਗਸਤ ਨੂੰ ਸਵੇਰੇ 11 ਵਜੇ ਲਾਲਾ ਲਾਜਪਤ ਰਾਏ ਮਿਊਂਸਪਲ ਪਾਰਕ ਕੋਟਕਪੂਰਾ ਵਿਖੇ , 11 ਅਗਸਤ ਨੂੰ ਸਵੇਰੇ 11 ਵਜੇ ਤਹਿਸੀਲ ਪ੍ਰਬੰਧਕੀ ਕੰਪਲੈਕਸ ਜੈਤੋ ਵਿਖੇ, 12 ਅਗਸਤ ਨੂੰ ਸਵੇਰੇ 11 ਵਜੇ ਸਬ ਤਹਿਸੀਲ ਪਿੰਡ ਸਾਦਿਕ ਵਿਖੇ ਰੋਸ ਧਰਨੇ ਦੇਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕੇ ਜਾਣਗੇ। ਮੀਟਿੰਗ ਜ਼ਿਲ੍ਹਾ ਫਰੀਦਕੋਟ ਵਿੱਚ ਕੀਤੇ ਜਾ ਰਹੇ ਵੱਖ ਵੱਖ ਐਕਸ਼ਨਾਂ ਦੇ ਸਮੁੱਚੇ ਪ੍ਰਬੰਧਾਂ ਲਈ ਵੱਖ ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੀਟਿੰਗ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਤਨਖਾਹਾਂ ਅਤੇ ਪੈਨਸ਼ਨਾਂ ਦਾ ਬਣਦਾ ਬਕਾਇਆ ਯਕਮੁਸ਼ਤ ਤੁਰੰਤ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 13 ਫੀਸਦੀ ਚਾਰ ਕਿਸ਼ਤਾਂ ਅਤੇ ਪਿਛਲੀਆਂ ਕਿਸ਼ਤਾਂ ਦਾ ਰਹਿੰਦਾ ਸਾਰਾ ਬਕਾਇਆ ਤੁਰੰਤ ਦਿੱਤਾ ਜਾਵੇ , ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ, ਸਮੂਹ ਕੱਚੇ , ਠੇਕਾ ਅਧਾਰਤ , ਆਊਟ ਸੋਰਸ ਮੁਲਾਜ਼ਮਾਂ ਅਤੇ ਵੱਖ-ਵੱਖ ਸਕੀਮਾਂ ਆਸ਼ਾ ਵਰਕਰਜ਼ ,ਆਂਗਨਵਾੜੀ ਵਰਕਰਜ਼ ,ਮਿਡ ਡੇ ਮੀਲ ਵਰਕਰਜ਼ ਆਦਿ ਸਕੀਮ ਵਰਕਰਾਂ ਨੂੰ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਤੁਰੰਤ ਬਹਾਲ ਕੀਤੀ ਜਾਵੇ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਸਮੂਹ ਮੰਗਾਂ ਦਾ ਪੰਜਾਬ ਸਰਕਾਰ ਵੱਲੋਂ ਤੁਰੰਤ ਨਿਪਟਾਰਾ ਕੀਤਾ ਜਾਵੇ।

ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਰੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਲਗਾਤਾਰ ਤਿੱਖੇ ਐਕਸ਼ਨ ਕਰਕੇ ਭਗਵੰਤ ਮਾਨ ਸਰਕਾਰ ਦਾ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਤੀਰਾ ਲੋਕਾਂ ਦੀ ਕਚਹਿਰੀ ਵਿੱਚ ਸਮੇਂ ਸਮੇਂ ਜਾ ਕੇ ਨੰਗਾ ਕੀਤਾ ਜਾਵੇਗਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ, ਰਮੇਸ਼ ਕੌਸ਼ਲ, ਵੀਰ ਸਿੰਘ ਕੰਮੇਆਣਾ ਤੇ ਮਨਜੀਤਇੰਦਰ ਸਿੰਘ ਆਦਿ ਹਾਜ਼ਰ ਸਨ।

# ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਮਨਾਇਆ ਗਿਆ ਤੀਜ ਦਾ ਤਿਉਹਾਰ









**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੱਜ ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਦੀ ਵਿਸ਼ੇਸ਼ ਦੇਖ ਰੇਖ ਹੇਠ ਤੀਜ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਸਰਦਾਰ ਦਲਜੀਤ ਸਿੰਘ ਅਤੇ ਸਰਦਾਰ ਕੁੰਵਰ ਅਰਮਾਨ ਸਿੰਘ ਥਿੰਦ ਵਿਸ਼ੇਸ਼ ਤੌਰ ਤੇ ਪਹੁੰਚੇ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਰਿਬਨ ਕੱਟਣ ਉਪਰੰਤ ਕੀਤੀ ਗਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਇਸ ਪਰੋਗਰਾਮ ਵਿੱਚ ਤੀਸਰੀ ਜਮਾਤ ਤੋਂ ਬਾਰਵੀਂ ਤੱਕ ਦੀਆਂ ਵਿਦਿਆਰਥਣਾਂ ਵਲੋਂ ਭਾਗ ਲਿਆ ਗਿਆ। ਇਸ ਮੌਕੇ ਬੱਚਿਆਂ ਵਲੋਂ ਵੱਖ ਵੱਖ ਪੰਜਾਬੀ ਗਾਣਿਆਂ ਤੇ ਡਾਂਸ ਪੇਸ਼ ਕੀਤਾ ਗਿਆ ਅਤੇ ਲੋਕ ਗੀਤ ਗਾਏ ਗਏ। ਬੱਚੀਆਂ ਵਲੋਂ ਪੇਸ਼ ਕੀਤੇ ਗਿੱਧੇ ਨੇ ਸਭ ਦਾ ਮਨ ਮੋਹ ਲਿਆ। ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਪੁਰਾਤਨ ਚੀਜ਼ਾਂ ਨਾਲ ਸਜਿਆ ਹੋਇਆ ਸਕੂਲ ਔਡੀਟੋਰੀਅਮ ਸਭ ਦੀ ਖਿੱਚ ਦਾ ਕੇਂਦਰ ਰਿਹਾ। ਸਟੇਜ ਸੰਚਾਲਨ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਵਲੋਂ ਬੜੇ ਹੀ ਸ਼ਲਾਘਾਯੋਗ ਤਰੀਕੇ ਨਾਲ ਕੀਤਾ ਗਿਆ। ਇਸ ਮੌਕੇ ਸਕੂਲ ਦੀਆਂ ਬੱਚੀਆਂ ਵਲੋਂ ਸਭ ਅਧਿਆਪਕਾਂ ਅਤੇ ਆਪਣੀਆਂ ਸਾਥਣਾਂ ਦੇ ਬੜੇ ਹੀ ਸ਼ਾਨਦਾਰ ਢੰਗ ਨਾਲ ਮਹਿੰਦੀ ਲਗਾਈ ਗਈ।ਇਸ ਮੌਕੇ ਸਕੂਲ ਮੈਨਜਮੈਂਟ ਵਲੋਂ ਬੱਚਿਆਂ ਅਤੇ ਅਧਿਆਪਕਾਂ ਦੀ ਰਿਫਰੈਸਮੈਂਟ ਲਈ ਅਲੱਗ ਅਲੱਗ ਤਰ੍ਹਾਂ ਦੇ ਸਟਾਲਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ । ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਵਲੋਂ ਤੀਜ ਨਾਲ ਸੰਬੰਧਿਤ ਆਪਣੇ ਵਿਚਾਰ ਪੇਸ਼ ਕੀਤੇ ਗਏ। ਬੱਚਿਆਂ ਵਲੋਂ ਕੀਤੀ ਗਈ ਪੇਸ਼ਕਾਰੀ ਵਿੱਚ ਸਕੂਲ ਦੇ ਅਧਿਆਪਕਾਂ ਜਿਹਨਾਂ ਵਿੱਚ ਮਾਈਕਲ, ਨਵਪ੍ਰੀਤ ਕੌਰ,ਕਮਲਪ੍ਰੀਤ ਕੌਰ, ਏਕਤਾ ਅਰੋੜਾ, ਮਨਦੀਪ ਕੌਰ,ਏਕਤਾ ਲਾਲੀ,ਰੇਖਾ ਸ਼ਰਮਾ,ਰਾਜਵਿੰਦਰ ਕੌਰ,ਨਿਧੀ,ਨਵਦੀਪ ਕੌਰ ਅਤੇ ਪਰਮਿੰਦਰ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸੇ ਪ੍ਰਕਾਰ ਔਡੀਟੋਰੀਅਮ ਦੀ ਡੈਕੋਰੇਸ਼ਨ ਦੇ ਸਭ ਪ੍ਰਬੰਧ ਸਰਦਾਰ ਪਰਮਿੰਦਰ ਸਿੰਘ ਅਤੇ ਮੈਡਮ ਮਨਜੀਤ ਕੌਰ ਵਲੋਂ ਬਾਖੂਬੀ ਕੀਤੇ ਗਏ। ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਵਿੱਚ ਸਕੂਲ ਐਕਟੀਵਿਟੀ ਇੰਚਾਰਜ ਸ਼੍ਰੀਮਤੀ ਦਲਵੀਰ ਕੌਰ ਅਤੇ ਦੀਪਤੀ ਕਵਾਤਰਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਪ੍ਰੋਗਰਾਮ ਦੀ ਤਾਰੀਫ਼ ਕਰਦਿਆਂ ਵਧੀਆ ਟੀਮ ਵਰਕ ਲਈ ਆਪਣੇ ਸਾਰੇ ਹੀ ਅਧਿਆਪਕਾਂ ਨੂੰ ਸਲਾਹਿਆ ਗਿਆ।ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਦਲਜੀਤ ਕੌਰ ਅਤੇ ਸਮੀਕਸ਼ਾ ਸ਼ਰਮਾ, ਕੋਆਰਡੀਨੇਟਰ ਸਵਪਨਦੀਪ ਕੌਰ, ਦਵਿੰਦਰ ਨਾਹਰ, ਚੇਤਨਾ ਰਾਜਦੇਵ,ਰਾਜਵਿੰਦਰ ਕੌਰ ਅਤੇ ਨੇਹਾ ਭੱਲਾ ਅਤੇ ਸਮੂਹ ਸਟਾਫ਼ ਹਾਜ਼ਰ ਸੀ।

# ਯੁੱਧ ਨਸ਼ਿਆਂ ਵਿਰੁੱਧ....

## ਖੰਨਾ ਤੋਂ ਐਸਐਸਪੀ ਮੈਡਮ, ਸਮਰਾਲਾ ਤੋਂ ਡੀਐਸਪੀ ਆਏ ਪਰ ਢਾਹੀ ਇੱਕ ਖੁਣਨੀ ਹੀ

**ਮਾਛੀਵਾੜਾ ਸਾਹਿਬ (ਬਲਬੀਰ ਸਿੰਘ ਬੱਬੀ)** ਬੀਤੇ ਇਕ ਮਾਰਚ ਤੋਂ ਸਮੁੱਚੇ ਪੰਜਾਬ ਦੇ ਵਿੱਚ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦੇ ਸਾਂਝੇ ਜ਼ੋਰਦਾਰ ਯਤਨਾਂ ਦੇ ਸਦਕਾ ਯੁੱਧ ਨਸ਼ਿਆਂ ਵਿਰੁੱਧ ਚੱਲ ਰਿਹਾ ਹੈ ਸਮੁੱਚੇ ਪੰਜਾਬ ਦੇ ਵਿੱਚ ਅਨੇਕਾਂ ਨਸ਼ਾ ਤਸਕਰ ਫੜੇ, ਨਸ਼ਾ ਫੜਿਆ, ਡਰੱਗ ਮਨੀ ਵੀ ਫੜੀ ਤੇ ਨਸ਼ਿਆਂ ਨਾਲ ਸੰਬੰਧਿਤ ਲੋਕ ਜੇਲ ਭੇਜੇ ਗਏ। ਪੁਲਿਸ ਵਿਭਾਗ ਤੇ ਸਰਕਾਰ ਦੇ ਨਮਿੰਦਿਆਂ ਨੇ ਆਪੋ ਆਪਣੇ ਇਲਾਕਿਆਂ ਦੇ ਵਿੱਚ ਨਸ਼ਿਆਂ ਵਿਰੁੱਧ ਯੁੱਧ ਤਹਿਤ ਅਨੇਕਾਂ ਮੀਟਿੰਗਾਂ ਮੁਹਿੰਮਾਂ ਵਿੱਢੀਆਂ ਹੋਈਆਂ ਹਨ ਜੋ ਚੰਗੀ ਗੱਲ ਹੈ ਕਿਉਂਕਿ ਅਨੇਕਾਂ ਨੂਸ਼ ਤਸਕਰ ਫੜ੍ਹਨ ਕਾਰਨ ਨਸ਼ੇ ਨੂੰ ਠੱਲ ਤਾਂ ਪਈ ਹੈ ਪਰ ਕਈ ਵਾਰ ਇਸ ਯੁੱਧ ਨਸ਼ਿਆਂ ਵਿਰੁੱਧ ਦੇ ਵਿੱਚੋਂ ਹਾਸੋਹੀਣੀਆਂ ਜਿਹੀਆਂ ਗੱਲਾਂ ਵੀ ਸਾਹਮਣੇ ਆ ਜਾਂਦੀਆਂ ਹਨ। ਜੀ ਹਾਂ ਬਿਲਕੁਲ ਇਸੇ ਤਰ੍ਹਾਂ ਹੀ ਹੋਇਆ ਪੁਲਿਸ ਜ਼ਿਲਾ ਖੰਨਾ ਅਧੀਨ ਪੈਂਦੇ ਮਾਛੀਵਾੜਾ ਇਲਾਕੇ ਦੇ ਪਿੰਡ ਚੱਕੀ ਦੇ ਵਿੱਚ ਇਥੋਂ ਦਾ ਇੱਕ ਨਸ਼ਾ

ਸਮਾਜ ਵੀਕਲੀ ਨਿਊਜ਼



ਪੰਜਾਬ ਪੁਲਿਸ ਦੀ ਕਾਰਵਾਈ, ਤਸਕਰ ਦੀ ਢਾਈ ਡੰਗਰਾਂ ਵਾਲੀ ਖੁਰਲੀ |D5 Channel

ਤਸਕਰ ਦੇ ਉਪਰ ਨਸ਼ੇ ਨਾਲ ਸੰਬੰਧਿਤ ਮਾਮਲੇ ਦਰਜ ਹਨ ਤੇ ਉਹ ਇਸ ਵੇਲੇ ਜੇਲ ਵਿੱਚ ਹੈ ਪੁਲਿਸ ਪ੍ਰਸ਼ਾਸਨ ਨੇ ਜਿਸ ਤਰ੍ਹਾਂ ਇਹ ਮੁਹਿੰਮ ਵੀ ਚਲਾਈ ਹੋਈ ਹੈ ਕਿ ਜਿਸ ਕਿਸੇ ਨਸ਼ਾ ਤਸਕਰ ਨੇ ਕੋਈ ਪੰਚਾਇਤੀ ਸਰਕਾਰੀ ਜਗ੍ਹਾ ਉੱਤੇ ਕਬਜ਼ਾ ਕੀਤਾ ਹੋਇਆ ਹੈ ਉਸ ਨੂੰ ਵੀ ਢਾਇਆ ਜਾ ਰਿਹਾ ਹੈ ਪਿੰਡ ਚੱਕੀ ਦੇ ਵਿੱਚ ਨਸ਼ਾ ਤਸਕਰ ਦਾ ਇੱਕ ਛੋਟਾ ਜਿਹਾ ਪਲਾਟ ਜਿਸ ਉੱਪਰ ਉਸਨੇ ਕਬਜ਼ਾ ਕਰਕੇ ਡੰਗਰ ਬੰਨੇ ਹੋਏ ਸਨ ਤੇ ਉਸ ਥਾਂ ਉੱਪਰ ਇਸ ਵੇਲੇ ਇੱਕ ਡੰਗਰਾਂ ਵਾਲੀ ਖੁਣਨੀ ਹੀ ਸੀ। ਪੁਲਿਸ ਮੁਖੀ ਦਾ ਆਉਣਾ ਉਸ ਤੋਂ ਬਾਅਦ ਸਬ ਡਿਵੀਜ਼ਨ ਡਿਪਟੀ ਦਾ ਆਉਣਾ ਐਸਐਚਓ ਮਾਛੀਵਾੜੇ ਦਾ ਆਉਣਾ ਤੇ ਸਿਰਫ ਢਾਉਣੀ ਇੱਕ ਖੁਣਨੀ ਹੀ ਇਹ ਗੱਲ ਆਪਣੇ ਆਪ ਵਿੱਚ ਹੀ ਚਰਚਾ ਵਿੱਚ ਚੱਲ ਰਹੀ ਹੈ। ਇਸ ਤੋਂ ਇਲਾਵਾ ਜਿਹੜੀਆਂ ਵਿਰੋਧੀ ਪਾਰਟੀਆਂ ਹਨ ਉਹ ਵੀ ਇਸ ਖੁਣਨੀ ਢਾਹੁਣ ਦੇ ਉੱਪਰ ਮਜ਼ਾਕੀਆ ਜਿਹੀਆਂ ਗੱਲਾਂ ਬਾਤਾਂ ਕਰ ਰਹੇ ਹਨ।

# ਸਮਾਜਿਕ ਹਿੰਸਾ



ਸਮਾਜਿਕ ਹਿੰਸਾ ਦਾ ਆਧਾਰ ਵੀ ਪਰਿਵਾਰ ਹੁੰਦਾ ਹੈ, "ਜਿਹੋ ਜਿਹੇ ਆਲੇ ਉਹੋ ਜਿਹੇ ਕੁੱਜੇ"। ਜਿਨ੍ਹਾਂ ਪਰਿਵਾਰਾਂ ਵਿੱਚ ਲੜਾਈ ਝਗੜੇ ਵਾਲਾ ਮਾਹੌਲ ਹੁੰਦਾ ਹੈ, ਉਸਦੇ ਸਾਰੇ ਮੈਂਬਰਾਂ, ਵਿੱਚ ਵੀ ਝਗੜਾ ਕਰਨ ਵਾਲੀ, ਪ੍ਰਵਿਰਤੀ ਹੁੰਦੀ ਹੈ। ਜਿਸ ਘਰ ਵਿੱਚ, ਔਰਤ ਨੂੰ ਸਨਮਾਨ ਨਹੀਂ ਮਿਲਦਾ, ਮਰਦ ਧੱਕੇਸ਼ਾਹੀ ਕਰਦਾ ਹੈ, ਔਰਤ ਉਥੋਂ ਭੱਜਣ ਦੀ ਕੋਸ਼ਿਸ਼ ਕਰਦੀ ਹੈ। ਧੀਆਂ ਤੇ ਵੀ ਉਸ ਮਾਹੌਲ ਦਾ,ਮਨੋਵਿਗਿਆਨਿਕ ਅਸਰ ਪੈ ਜਾਂਦਾ ਹੈ,ਉਹ ਵੀ ਜਦੋਂ ਵਿਆਹੀਆਂ ਜਾਂਦੀਆਂ ਹਨ, ਮਨ ਵਿੱਚ ਡਰ, ਪਹਿਲਾਂ ਹੀ ਬੈਠਾ ਹੁੰਦਾ ਹੈ, ਥੋੜੀ ਜਿਹੀ ਝਿੜਕ ਵੀ, ਉਸਨੂੰ ਵੱਸਣ ਨਹੀਂ ਦਿੰਦੀ। ਇਹੋ ਜਿਹੇ, ਪਰਿਵਾਰਾਂ ਦੇ ਮੁੰਡਿਆਂ ਨੂੰ, ਵੀ ਕੋਈ ਰਿਸ਼ਤਾ ਨਹੀਂ ਕਰਦਾ। ਕਈ ਵਾਰੀ, ਇਹ ਹਿੰਸਕ ਮਾਹੌਲ ਪੂਰੇ ਪਿੰਡ ਵਾਲਿਆਂ ਜਾਂ ਮੁਹੱਲੇ ਵਾਲਿਆਂ ਤੇ ਵੀ,ਲਾਗ ਦੀ ਬਿਮਾਰੀ, ਵਾਂਗੂੰ ਫੈਲ ਜਾਂਦਾ ਹੈ। ਅਰਬ ਦੇਸ਼ਾਂ ਦੇ ਆਪਸੀ ਸੰਬੰਧ ਜੱਗ-ਜਾਹਰ ਹਨ। ਹਿੰਸਾ ਤੋਂ ਇਲਾਵਾ ਇਨ੍ਹਾਂ ਦੇਸ਼ਾਂ ਵਿੱਚ ਭੁੱਖਮਰੀ ਵਰਗੀਆਂ ਅਲਾਮਤਾਂ ਵੀ ਹੁੰਦੀਆਂ ਹਨ। ਜਿਸ ਦਾ ਗੁਆਂਢੀ ਮੁਲਕਾਂ ਤੇ ਵੀ ਅਸਰ ਦੇਖਣ ਨੂੰ ਮਿਲਦਾ ਹੈ।

ਸਮਾਜ ਵੀਕਲੀ ਨਿਊਜ਼

ਹੁਣ ਤਸਵੀਰ ਦੇ, ਦੂਸਰੇ ਪਾਸੇ ਤੇ,ਨਜ਼ਰ ਮਾਰਦੇ ਹਾਂ। ਕੁਦਰਤ, ਜਿਨ੍ਹਾਂ ਤੇ ਮਿਹਰਬਾਨ ਹੁੰਦੀ ਹੈ, ਉੱਥੇ ਅਸਮਾਨ ਸਥਿਤੀਆਂ ਵਿੱਚ ਵੀ, ਲੋਕ ਖੁਸ਼ਕਵਾਰ ਰਹਿੰਦੇ ਹਨ,"ਹੱਸਦਿਆਂ ਦੇ ਘਰ ਵੱਸਦੇ"।ਬੀਤੇ ਦੇ ਵਿੱਚ ਬੇਅੰਤ ਉਦਾਹਰਣਾਂ ਮਿਲਦੀਆਂ ਹਨ,ਜਿੱਥੇ ਪੜੇ-ਲਿਖੇ ਵਿਦਵਾਨ ਦਾ ਵਿਆਹ, ਅਨਪੜ੍ਹ ਔਰਤ ਨਾਲ ਹੋ ਜਾਂਦਾ ਸੀ ਜਾਂ ਘੱਟ ਪੜੀਆਂ ਲਿਖੀਆਂ ਨਾਲ ਹੋ ਜਾਂਦਾ ਸੀ ਤਾਂ ਸਮਝਦਾਰ ਮਰਦ ਉਸ ਨੂੰ ਹੱਲਾਸ਼ੇਰੀ ਦੇ ਕੇ ਆਪਣੇ ਪੱਧਰ ਤੱਕ ਦੀ ਵਿਦਿਆਕ ਯੋਗਤਾ ਅਤੇ ਸਮਝ ਬਣਾ ਲੈਂਦੇ ਸਨ। ਗ੍ਰਹਿਸਥੀ ਜੀਵਨ,ਸ਼ਾਂਤੀਪੂਰਵਕ ਬਤੀਤ ਕਰਦੇ ਸਨ। ਕਿਸੇ ਕੇਸ ਵਿੱਚ,ਔਰਤ ਜ਼ਿਆਦਾ ਪੜ੍ਹੀ ਲਿਖੀ ਹੋਣ ਤੇ ਉਹ ਵੀ ਆਪਣੇ ਹਮਸਫਰ ਨਾਲ ਤੋੜ ਨਿਭਾਉਂਦੀ ਸੀ। ਇਹੋ ਜਿਹੇ ਪਰਿਵਾਰਾਂ ਨੂੰ ਰੋਲ ਮਾਡਲ ਮੰਨ ਕੇ ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਨੂੰ ਚਾਰ ਚੰਨ ਲਾਉਂਦੇ ਸਨ।

ਭਾਰਤੀ ਸੱਭਿਅਤਾ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਇਹੀ ਕਾਰਨ ਹੈ ਭਾਰਤੀ ਧਰਤੀ ਤੇ ਬਹੁ-ਧਰਮੀ, ਬਹੁ-ਜਾਤੀ, ਦੱਬੇ ਕੁਚਲੇ ਲੋਕਾਂ ਦਾ ਵਸੇਬਾ, ਸਰਕਾਰਾਂ ਦਾ ਸਹਿਯੋਗ ਵੀ ਸਮਾਜ ਨੂੰ ਚੰਗੀ ਸੇਧ ਦਿੰਦਾ ਹੈ। ਸਾਧਾਂ, ਸੰਤਾਂ, ਰਿਸ਼ੀਆਂ, ਮੁਨੀਆਂ, ਪੀਰਾਂ ਪੈਗੰਬਰਾਂ, ਗੁਰੂਆਂ ਦੀ ਧਰਤੀ ਹੋਣ ਕਰਕੇ ਵਧੀਆ ਵਾਤਾਵਰਣ ਬਣਿਆ ਰਹਿੰਦਾ ਹੈ। ਕਦੀ ਕਦਾਈ ਜਿਵੇਂ ਫਸਲਾਂ ਵਿੱਚ ਕੁੜਕੜੂ ਜਾਂ ਨਦੀਨ ਪੈਦਾ ਹੁੰਦੇ ਹਨ, ਸਮਾਜ ਵਿੱਚ ਵੀ ਕੱਟੜਵਾਦੀ, ਵੱਖਵਾਦੀ ਅਨਸਰ ਸਮੱਸਿਆਵਾਂ ਪੈਦਾ ਕਰਦੇ ਹਨ। ਹਿੰਸਾ ਦਾ ਮਾਹੌਲ ਬਣਾਉਂਦੇ ਹਨ। ਉਨ੍ਹਾਂ ਤੋਂ ਪੁਲਿਸ, ਪ੍ਰਸ਼ਾਸਨ ਤੇ ਸਰਕਾਰ ਦੇ ਸਹਿਯੋਗ ਨਾਲ ਮੁਕਤੀ ਮਿਲਦੀ ਹੈ।



**ਅਮਰਜੀਤ ਸਿੰਘ ਤੂਰ ਪਿੰਡ**
**ਕੁਲਬੁਰਛਾਂਜ਼ਿਲਾ ਪਟਿਆਲਾ**
**ਹਾਲ-ਆਬਾਦ #639/40 ਏ ਚੰਡੀਗੜ੍ਹ। ਫੋਨ ਨੰਬਰ :**
**9878469639**

# ਸਰੀ ਚ ਸਜਾਏ ਗਏ ਨਗਰ ਕੀਰਤਨ ਚ ਵੱਡੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ

## ਖਾਲਸਾਈ ਰੰਗ ਚ ਰੰਗਿਆ ਨਜ਼ਰੀ ਆਇਆ ਕੈਨੇਡਾ ਦਾ ਸਰੀ ਸ਼ਹਿਰ

















ਨਗਰ ਕੀਰਤਨ ਦੇ ਵੱਖ-ਵੱਖ ਦਿਸ।

**ਵੈਨਕੂਵਰ ,ਅਗਸਤ (ਮਲਕੀਤ ਸਿੰਘ)-** ਹਰੇਕ ਸਾਲ ਵਾਂਗ ਐਤਕੀ ਵੀ ਸਰੀ -ਡੈਲਟਾ ਦੇ ਸਕਾਟ ਰੋਡ ਤੇ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਤੋਂ ਅੱਜ ਸਜਾਏ ਗਏ ਮੀਰੀ ਪੀਰੀ ਨਗਰ ਕੀਰਤਨ ਚ ਵੱਡੀ ਗਿਣਤੀ ਚ ਸੰਗਤਾਂ ਵੱਲੋਂ ਕੀਤੀ ਗਈ ਸ਼ਮੂਲੀਅਤ ਕਾਰਨ ਸਮੁੱਚਾ ਸਰੀ ਸ਼ਹਿਰ ਖਾਲਸਾਈ ਰੰਗ ਚ ਰੰਗਿਆ ਨਜ਼ਰ ਆਇਆ। ਅੱਜ ਸਵੇਰ ਵੇਲੇ ਉਕਤ ਗੁਰੂ ਘਰ ਤੋਂ ਅਰਦਾਸ ਕਰਨ ਉਪਰੰਤ ਪੰਜਾਂ ਪਿਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਆਰੰਭ ਹੋਇਆ ਇਹ ਨਗਰ ਕੀਰਤਨ ਸਰੀ ਸ਼ਹਿਰ ਦੇ ਤੈਅਸ਼ੁਦਾ ਰੂਟਾਂ ਰਾਹੀਂ ਹੁੰਦਾ ਹੋਇਆ ਬਾਅਦ ਦੁਪਹਿਰ ਉਕਤ ਗੁਰੂ ਘਰ ਚ ਸੰਪੰਨ ਹੋਇਆ ਇਸ ਨਗਰ ਕੀਰਤਨ ਚ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਢਾਡੀ ,ਰਾਗੀ ਅਤੇ ਕਵੀਸ਼ਰੀ ਜਥਿਆਂ ਵੱਲੋਂ ਵੱਖ-ਵੱਖ ਸਟੇਜਾਂ ਤੋਂ ਅੱਜ ਦੇ ਇਤਿਹ-ਾਸਿਕ ਦਿਨ ਦੀ ਮਹੱਤਤਾ ਸਬੰਧੀ ਹਾਜ਼ਰ ਸੰਗਤਾਂ ਨੂੰ ਚਾਨਣਾ ਪਾਇਆ ਗਿਆ। ਨਗਰ ਕੀਰਤਨ ਦੇ ਨਿਰਧਾਰਿਤ ਕੀਤੇ ਰੂਟਾਂ ਕਾਰਨ ਆਮ ਰਾਹਗੀਰਾਂ ਲਈ ਸਰੀ ਸਿਟੀ ਅਤੇ ਸਰੀ ਪੁਲਿਸ ਵੱਲੋਂ ਬਦਲਵੇ ਰੂਟਾਂ ਦੇ ਪ੍ਰਬੰਧ ਕੀਤੇ ਗਏ ਸਨ। ਇਸ ਨਗਰ ਕੀਰਤਨ ਚ ਤੈਅਸ਼ੁਦਾ ਰੂਟਾਂ ਤੇ ਵੱਖ-ਵੱਖ ਪਰਿਵਾਰਾਂ ਅਤੇ ਕਾਰੋਬਾਰੀ ਅਦਾਰਿਆਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰਾਂ ਦੇ ਵੱਡੇ ਪੱਧਰ ਤੇ ਇੰਤਜ਼ਾਮ ਕੀਤੇ ਗਏ ਸਨ। ਨਗਰ ਕੀਰਤਨ ਚ ਸ਼ਾਮਿਲ ਵੱਖ-ਵੱਖ ਗਤਕਾ ਜਥਿਆਂ ਵੱਲੋਂ ਪੁਰਾਤਨ ਸਿੱਖ ਇਤਿਹਾਸ ਨੂੰ ਦਰਸਾਉਂਦੇ ਸ਼ਾਸਤਰਾਂ ਨਾਲ ਦਿਖਾਏ ਗਏ ਗਤਕੇ ਦੇ ਜੌਹਰਾਂ ਨਾਲ ਇਕੇਰਾਂ ਜੰਗਾਜੂ ਦ੍ਰਿਸ਼ ਸਿਰਜਿਆ ਮਹਿਸੂਸ ਹੋਇਆ। ਨਿਹੰਗ ਸਿੰਘਾਂ ਦੇ ਬਾਣੇ ਚ ਸੱਜੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਿੰਘਾਂ ਵੱਲੋਂ ਨਗਰ ਕੀਰਤਨ ਚ ਸ਼ਾਮਿਲ ਸੰਗਤਾਂ ਦੀ ਸਹੂਲਤ ਲਈ ਠੰਡੀ ਸ਼ਰਦਾਈ ਦੇ ਲਗਾਏ ਗਏ ਖੁੱਲੇ ਲੰਗਰਾਂ ਮੂਹਰੇ ਸੰਗਤਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਨਜ਼ਰੀ ਆਈਆਂ ਇਸ ਤੋਂ ਇਲਾਵਾ ਬਾਬਾ ਭਾਈ ਰੂਪ ਚੰਦ ਚੈਰੀਟੇਬਲ ਸੁਸਾਇਟੀ ਭਾਈ ਰੂਪਾ (ਬਠਿੰਡਾ) ਦੀਆਂ ਸੰਗਤਾਂ ਵੱਲੋਂ ਹਦਵਾਣਿਆਂ ਦੇ ਲੰਗਰਾਂ ਦੇ ਵੱਡੀ ਪੱਧਰ ਤੇ ਕੀਤੇ ਗਏ ਇੰਤਜ਼ਾਮ ਵੀ ਸਲਾਹੁਣਯੋਗ ਸਨ। ਇਸ ਮੌਕੇ ਤੇ ਦਸਤਾਰ ਅਤੇ ਸਿੱਖ ਸਾਹਿਤ ਕੈਂਪ ਦੌਰਾਨ ਛੋਟੇ ਬੱਚਿਆਂ ਨੂੰ ਦਸਤਾਰਾਂ ਸਜਾਉਣ ਵੱਲ ਪ੍ਰੇਰਿਤ ਕਰਨ ਲਈ ਦਸਤਾਰ ਸਜਾਉਣ ਬਾਰੇ ਵੀ ਸਿੱਖਿਅਤ ਕੀਤਾ ਗਿਆ। ਨਗਰ ਕੀਰਤਨ ਚ ਕੁਝ ਟਰੈਕਟਰਾਂ ਦੀ ਸ਼ਮੂਲੀਅਤ ਨਾਲ ਪੰਜਾਬ ਚ ਸਜਾਏ ਜਾਂਦੇ ਨਗਰ ਕੀਰਤਨਾਂ ਵਰਗਾ ਦ੍ਰਿਸ਼ ਸਿਰਜਿਆ ਮਹਿਸੂਸ ਹੋਇਆ ਅਖੀਰ ਚ ਉਕਤ ਗੁਰੂ ਕਰਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਜੌਹਲ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਵੱਲੋਂ ਨਗਰ ਕੀਰਤਨ ਚ ਸ਼ਾਮਿਲ ਹੋਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ।

# 'ਚੁੱਪ ਸ਼ਬਦਾਂ ਦੀ ਗੂੰਜ' ਕਾਵਿ-ਸੰਗ੍ਰਹਿ 24 ਅਗਸਤ ਨੂੰ ਹੋਵੇਗਾ ਰਿਲੀਜ਼ - ਪ੍ਰੋ ਭੋਲਾ ਯਮਲਾ

## ਇੰਡਕ ਆਰਟਸ ਵੈਲਫ਼ੇਅਰ ਕੌਂਸਲ ਵੱਲੋਂ ਕਲਾ ਭਲਾਈ ਕੀਤਾ ਜਾ ਰਹੇ ਨੇ ਵੱਡੇ ਉਪਰਾਲੇ

ਮੁਕਤਸਰ ( ਰਮੇਸ਼ਵਰ ਸਿੰਘ) ਕਲਾ, ਸਾਹਿਤ, ਵਿਰਾਸਤ ਅਤੇ ਸਮਾਜ ਭਲਾਈ ਲਈ ਯਤਨਸ਼ੀਲ ਦੇਸ਼ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫੇਅਰ ਕੌਂਸਲ (IAWC) ਅਪਣੀ " ਕਲਾ ਜੀਵਨ ਯੋਜਨਾ ਦੇ ਬੈਨਰ ਹੇਠ ਮੁੱਖ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ ਅਤੇ ਡਾਇਰੈਕਟਰ ਭੋਲਾ ਯਮਲਾ ਦੀ ਅਗਵਾਈ ਵਿੱਚ ਅਪਣੇ ਉਦੇਸ਼ ਅਨੁਸਾਰ ਲੋੜਵੰਦ ਸਾਹਿਤਕਾਰਾਂ, ਲੇਖਕਾਂ ਅਤੇ ਕਵੀਆਂ ਨੂੰ ਮੰਚ ਪ੍ਰਦਾਨ ਕਰਨ ਲਈ ਇੱਕ ਮਹੱਤਵਪੂਰਨ ਸਾਹਿਤਕ ਉਪਰਾਲਾ ਕਰਨ ਜਾ ਰਹੀ ਹੈ। ਸੰਸਥਾ ਵੱਲੋਂ ਪੂਰੀ ਤਰ੍ਹਾਂ ਮੁਫ਼ਤ ਵਿੱਚ 'ਚੁੱਪ ਸ਼ਬਦਾਂ ਦੀ ਗੂੰਜ' ਨਾਮਕ ਸਾਂਝਾ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਮੁੱਖ ਸੰਪਾਦਕ ਇਕਬਾਲ ਸਿੰਘ ਸਹੋਤਾ, ਸਹਿ ਸੰਪਾਦਕ ਰਿਦਮਜੀਤ ਤੇ ਚਮਕੌਰ ਥਾਂਦੇਵਾਲਾ ਹੋਰਾਂ ਦੇ ਸੰਪਾਦਨ ਹੇਠ ਪੁਸਤਕ ਵਿੱਚ ਲਗਭਗ 28 ਸਾਹਿਤਕਾਰਾਂ ਤੇ ਕਵੀਆਂ ਦੀਆਂ ਚੁਣੀਆਂ ਹੋਈਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਉਹ ਸਾਹਿਤਕਾਰ ਹਨ ਜਿਨ੍ਹਾਂ ਨੂੰ ਅਜੇ ਤੱਕ ਵੱਡੇ ਮੰਚ ਨਹੀਂ ਮਿਲੇ, ਪਰ ਉਨ੍ਹਾਂ ਦੇ ਸ਼ਬਦਾਂ ਵਿੱਚ ਲੋਕ-ਰੂਹ ਦੀ ਸੱਚਾਈ, ਦਰਦ ਅਤੇ ਸੁੰਦਰਤਾ ਸਮਾਈ ਹੋਈ ਹੈ। ਇਸ ਕਾਵਿ-ਸੰਗ੍ਰਹਿ ਨੂੰ 24 ਅਗਸਤ 2025 ਨੂੰ ਆਯੋਜਿਤ ਹੋ ਰਹੇ 18ਵੇਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ ਦੌਰਾਨ ਕੋਟਕਪੂਰਾ ਵਿਖੇ ਲੋਕ ਅਰਪਣ ਕੀਤਾ ਜਾਵੇਗਾ। ਸੰਸਥਾ ਦੇ ਡਾਇਰੈਕਟਰ ਪ੍ਰੋ. ਭੋਲਾ ਯਮਲਾ ਨੇ ਕਿਹਾ ਕਿ ਇਹ ਉਪਰਾਲਾ ਸਾਹਿਤ ਦੇ ਅਣਗੌਲੇ ਹੁਨਰ ਨੂੰ ਉਭਾਰਣ, ਉਨ੍ਹਾਂ ਨੂੰ ਨਵੀਂ ਪਹਿਚਾਣ ਦੇਣ ਅਤੇ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਦੇਣ ਲਈ ਤੇ ਸਾਹਿਤਕ ਭਲਾਈ ਅਤੇ ਕਲਾ-ਸੰਭਾਲ ਦੇ ਮਿਸ਼ਨ ਦਾ ਹਿੱਸਾ ਹੈ।

# ਲੋਕ ਤੱਥਾਂ ਦਾ ਕਾਵਿਕ ਚਿਤਰਨ "ਬੰਦੇ ਤੋਂ ਇਨਸਾਨ"

ਪੰਜਾਬੀ ਸਾਹਿਤ ਜਗਤ ਵਿੱਚ ਗੀਤਕਾਰੀ ਅਤੇ ਸਾਹਿਤ ਦੇ ਲਗਭਗ ਹਰ ਇੱਕ ਰੂਪ ਵਿੱਚ ਮੂਲ ਚੰਦ ਸ਼ਰਮਾ ਨੇ ਆਪਣੀ ਕਲਮ ਨੂੰ ਅਜ਼ਮਾਇਆ ਹੈ । ਇਨ੍ਹਾਂ ਦੀ ਰਚਨਾ ਤਰਕ , ਵਿਤਰਕ , ਚੇਤਨ , ਅਵਚੇਤਨ , ਅਹਿਸਾਸ , ਰਸ , ਸੰਘਰਸ਼ ਅਤੇ ਬੌਧਿਕ ਤੇ ਵਿਵੇਕ ਰਾਹੀਂ ਜੀਵਨ ਦੀ ਹਰ ਤਰਜ਼ ਦੀ ਤਰਜਮਾਨੀ ਕਰਦੀ ਹੈ । ਸ਼ਰਮਾ ਨੇ ਆਪਣੀ ਪੁਸਤਕ " ਬੰਦੇ ਤੋਂ ਇਨਸਾਨ " ( ਕਾਵਿ ਟੁਕੜੀ ਸੰਗ੍ਰਹਿ ) ਵਿੱਚ ਪੰਜਾਬੀ ਸੱਭਿਆਚਾਰ ਦੇ ਆਰਥਿਕ , ਸਮਾਜਿਕ , ਸੱਭਿਆਚਾਰਕ , ਧਰਮਾਰਥ , ਕਾਮ , ਮੋਕਸ਼ , ਇਸ਼ਕ , ਔਰਤ ਮਰਦ ਸੰਬੰਧਾਂ ਦਾ ਚਿਤਰਣ , ਆਦਰਸ਼ਵਾਦੀ ਨੈਤਿਕ ਕਦਰਾਂ ਕੀਮਤਾਂ , ਪ੍ਰਵਿਰਤੀਆਂ , ਰਿਸ਼ਤੇ ਨਾਤੇ , ਮਿੱਥ , ਕਥਾਨਕ , ਰੂੜੀਆਂ , ਪ੍ਰਕਿਰਤੀ ਚਿਤਰਣ , ਰਾਸ਼ਟਰੀ ਪਛਾਣ , ਆਦਿ ਜਿਹੀਆਂ ਸਥਿਤੀਆਂ 'ਚ ਪਨਪਦੇ ਲੋਕ ਤੱਥਾਂ ਨੂੰ ਕਾਵਿ ਰੂਪ ਵਿੱਚ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਹੈ ।




ਸ਼ਰਮਾ ਨੇ ਮਾਨਵ ਮੁੱਲਾਂ ਦੇ ਮਾਨਵ ਸੰਕਲਪ ਨੂੰ ਪੇਸ਼ ਕਰਨ ਲੱਗਿਆਂ ਧਰਮ , ਨੀਤੀ , ਵਿਗਿਆਨ , ਆਰਥਿਕ , ਸਮਾਜਿਕ ਤੇ ਸੱਭਿਆਚਾਰਕ ਸਥਿਤੀਆਂ ਨੂੰ ਜੀਵਨ ਦੀ ਲੌਕਿਕਤਾ ਨਾਲ਼ ਓਤ ਪੋਤ ਕੀਤਾ ਹੈ । ਸਮਾਜ ਦੀ ਸੰਸਕ੍ਰਿਤੀ ਜਾਂ ਪ੍ਰੰਪਰਾ ਦੀ ਵਿਕਸਿਤ , ਗਤੀਸ਼ੀਲ ਅਤੇ ਯੁੱਗ ਸਾਪੇਖਤਾ ਦੇ ਮੂਲ ਪ੍ਰਤੀ ਸਹੀ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ । ਕਿਸੇ ਵੀ ਸਮਾਜ ਵਿੱਚ ਮਾਨਵ ਮੁੱਲ ਦੀ ਕਦਰ ਸਵੈਨਿਸ਼ਠ ( ਸ਼ੲਲਡਿਸਹ ਡ਼ੳਲੁੲਸ ) , ਸਮਾਜਿਕ ਮੁੱਲ ( ਸ਼ੋਚਿੳਲ ਡ਼ੳਲੁੲਸ ) ਅਤੇ ਬੌਧਿਕ ਮੁੱਲ ( ੀਨਟੲਲਲੲਚਟੁੳਲ ਡ਼ੳਲੁੲਸ ) ਕਰਕੇ ਹੁੰਦੀ ਹੈ । ਮਾਨਵ ਮੁੱਲ ਵਿਅਕਤੀ , ਜਾਤੀ , ਧਰਮ , ਸਮਾਜ , ਦੇਸ਼ ਅਤੇ ਕਾਲ਼ ਦੇ ਅਨੁਰੂਪ ਪਰਿਵਰਤਿਤ ਹੁੰਦਾ ਰਹਿੰਦਾ ਹੈ । ਸ਼ਰਮਾ ਨੇ ਯੁੱਗ ਬੋਧ ਦੇ ਚਿਤਰਣ ਦੇ ਅੰਤਰਗਤ ਜਿਹਨਾਂ ਯੁਗੀਨ ਧਾਰਾਵਾਂ ਦਾ ਦਾ ਉਲੇਖ ਕੀਤਾ ਹੈ ਉਨ੍ਹਾਂ ਸਾਰੀਆਂ ਦਾ ਸਮਾਜਿਕ ਮੁੱਲਾਂ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਥਾਂ ਹੈ । ਸਮਾਜਿਕ ਵਰਤਾਰੇ ਦੇ ਕੋਹਝ , ਸੱਚ , ਨੀਤੀਆਂ , ਆਦਤਾਂ , ਵਿਵਹ-ਾਰ , ਬੋਲ ਚਾਲ , ਢੰਗ ਤਰੀਕੇ ਵਿਅਕਤੀ , ਜਾਤੀ , ਧਰਮ ਅਤੇ ਜਨ ਸਮੂਹ ਦੇ ਵਾਰ ਵਾਰ ਦੁਹਰਾਉਂਣ ਨਾਲ਼ ਸਮਾਂ ਪਾ ਕੇ ਤੱਤ ਰੂਪ ਤੋਂ ਤੱਥ ਰੂਪ ਵਿੱਚ ਲੋਕਯਾਨਿਕ ਜਾਂ ਸਾਹਿਤਕ ਰੂਪ ਵਿੱਚ ਪ੍ਰਗਟ ਹੁੰਦੇ ਰਹਿੰਦੇ ਹਨ । ਇਨ੍ਹਾਂ ਤੱਥਾਂ ਨੂੰ ਜਨਸਮੂਹ ਦੀ ਪ੍ਰਵਾਨਗੀ ਲੋਕ ਤੱਥ ਰੂਪ ਵਿੱਚ ਮੰਨ ਲੈਂਦੀ ਹੈ । ਉਂਝ ਭਾਵੇਂ ਅਸੀਂ ਧਰਮਾਂ ਫ਼ਿਰਕਿਆਂ , ਰੰਗਾਂ , ਨਸਲਾਂ ਅਤੇ ਜਾਤਾਂ ਦੇ ਆਪੋ ਆਪਣੇ ਵਿਸ਼ਵਾਸਾਂ ਵਿੱਚ ਜਕੜੇ ਪਏ ਹਾਂ ਪਰ ਇੱਕੋ ਹੀ ਖਿੱਤੇ ਵਿੱਚ ਵਿਚਰਦਿਆਂ ਮਨੁੱਖਤਾ ਦੀ ਸਾਂਝ ਪੰਜਾਬੀ ਸੱਭਿਆਚਾਰ ਉਸਾਰਨ ਵਿੱਚ ਪੰਜਾਬੀਅਤ ਦੁਨੀਆਂ ਨਾਲੋਂ ਵੱਖਰੀ ਹੈ ।

ਲੜਨਾ ਝਗੜਨਾ ਮਾੜਾ ਹੈ ਕੰਮ ਹੁੰਦਾ ,
ਦੇਸ਼ ਕੌਮ ਲਈ ਲੜਨ ਤੋਂ ਝਿਜਕੀਏ ਨਾ ।

***********

ਝੂਠੇ ਬੰਦਿਆਂ ਤੋਂ ਪਾਸਾ ਵੱਟ ਲਈਏ ,
ਜੇਕਰ ਬਣੀਏਂ ਤਾਂ ਸੱਚ ਦਾ ਗਿਆਨ ਬਣੀਏਂ।

***********

ਠੱਗਾਂ , ਚੋਰਾਂ ਦਾ ਕਦੇ ਨਾ ਸਾਥ ਦੇਈਏ ,
ਬੈਠਕ ਬੈਠੀਏ ਨਾ ਕਦੇ ਸ਼ਰਾਬੀਆਂ ਦੀ ।

ਗਿਆਨ ਅਨੁਸਾਸਕਾਂ ਦੀਆਂ ਕਸੌਟੀਆਂ ਭਾਵੇਂ ਵਿਗਿਆਨਕ ਜਾਂ ਤਰਕਸੰਗਤ ਨਿਰਣੇ ਦੀਆਂ ਅਨੁਯਾਈ ਹਨ । ਅਸੀਂ ਨਵੀਨ ਤੇ ਵਿਗਿਆਨਕ ਹੋਣ ਦਾ ਕਿੰਨਾਂ ਵੀ ਢੌਂਗ ਰਚੀਏ ਪਰ ਪੁਰਾਤਨ ਲੋਕ ਤੱਥਾਂ ਦਾ ਹਰ ਯੁੱਗ ਵਿੱਚ ਤੱਤ ਸਰੂਪ ਸਜੀਵ ਰਹਿੰਦਾ ਹੈ । ਮਾੜੇ ਕੰਮ , ਅੰਤ ਬੁਰੇ ਦਾ ਬੁਰਾ , ਬੰਦਾ ਬੰਦੇ ਦੀ ਦਾਰੂ , ਨਸ਼ੇ , ਪਾਪਾਂ ਦਾ ਬੇੜਾ , ਠੱਗਾਂ ਦੀ ਦੁਨੀਆਂ , ਨੀਮ ਹਕੀਮ , ਸੱਪਾਂ ਨੂੰ ਦੁੱਧ ਅਤੇ ਚੋਰ ਦੀ ਮਾਂ ਆਦਿ ਲੋਕ ਤੱਥਾਂ ਨੂੰ ਬੌਧਿਕਤਾ ਦੀ ਚਾਸ਼ਨੀ ਚਾੜ੍ਹ ਕੇ ਲੋਕ ਕਚਹਿਰੀ ਵਿੱਚ ਪੇਸ਼ ਕੀਤਾ ਹੈ ।

ਜਿਹੜੇ ਬੰਦੇ ਦਾ ਮਿੱਤਰ ਬੇਈਮਾਨ ਹੁੰਦਾ ,
ਉਹਨੂੰ ਵੈਰੀ ਦੀ ਹੁੰਦੀ ਨਾ ਲੋੜ ਲੋਕੋ ।

***********

ਕੋਈ ਬੰਦਾ ਮਿੱਟੀ , ਕੋਈ ਬੰਦਾ ਪੱਥਰ ,
ਕੋਈ ਹੀਰੇ ਤੇ ਮੋਤੀ ਦੇ ਤੁੱਲ ਹੁੰਦਾ ।

***********

ਨਾਲ਼ ਬੈਠੀਏ ਮਾੜਿਆਂ ਬੰਦਿਆਂ ਦੇ ,
ਠੱਗੀ , ਚੋਰੀ , ਡਕੈਤੀ ਸਿਖਾ ਦਿੰਦੇ ।

***********

ਅੰਬ ਖਾਣ ਨੂੰ ਉਨ੍ਹਾਂ ਨੂੰ ਮਿਲਣ ਕਿੱਥੋਂ ,
ਬੀਜ ਕਿੱਕਰਾਂ ਦੇ ਜਿਹੜੇ ਬੋਣ ਬੀਬਾ ।

ਮੂਲ ਚੰਦ ਸ਼ਰਮਾ ਮਨੁੱਖ ਅੰਦਰਲੇ ਆਤਮ ਸਨਮਾਨ , ਆਤਮ ਵਿਸ਼ਵਾਸ , ਸੁਹਿਰਦਤਾ , ਆਤਮ ਨਿਰਣੇ , ਮਨੁੱਖੀ ਬ੍ਰਹਿਮੰਡੀ ਸ਼ਕਤੀ ਨੂੰ ਲੋਕ ਤੱਥ ਦੀ ਰੌਚਿਕ ਪ੍ਰਕਿਰਿਆ ਵਿੱਚ ਪਾ ਕੇ ਸਾਕਾਰਾਤਮਕ ਕਰਦਾ ਹੈ । ਅਗਿਆਨਤਾ , ਕਿਸਮਤਵਾਦ , ਕਰਮ ਕਾਂਡ , ਆਵਾਗਵਣ ਆਦਿ ਛੜਯੰਤਰਾਂ ਦੇ ਭੇਦਾਂ ਨੂੰ ਖੋਲਦਾ ਉਹ ਚੰਗੇ ਮਾੜੇ ਦੇ ਫ਼ਰਕ ਨੂੰ " ਮਾਂ ਦੀ ਪੂਜਾ , ਕਿਰਤ ਕਮਾਈ , ਇੱਕ ਇੱਕ ਦੋ ਗਿਆਰਾਂ , ਹੌਂਸਲਾ , ਚੰਗੇ ਰਾਹ , ਨੇਕੀ ਕਰ , ਚੰਗੀ ਸੰਗਤ ਅਤੇ ਜ਼ਿੰਦਗੀ ਜਿਹੇ ਵਿਚਾਰਾਂ ਦੀ ਤਰਜਮਾਨੀ ਕਰਦਾ ਹੈ ।

ਆਓ ਜ਼ਿੰਦਗੀ ਮਾਣਨ ਦੀ ਗੱਲ ਕਰੀਏ ,
ਭੈੜੀ ਮੌਤ ਦੇ ਕੋਲ਼ੋਂ ਨਾ ਕਦੇ ਕਰੀਏ ।

***********

ਕਈ ਗੱਲਾਂ ਤਾਂ ਆਪਣੇ ਵੀ ਵੱਸ ਹੁੰਦੀਆਂ ।
ਬਿਨਾਂ ਆਈ ਹੀ ਮੌਤ ਤੋਂ ਕਿਉਂ ਮਰੀਏ ।

***********

ਪਹਿਲਾਂ ਤੋਲੀਏ ਬੋਲੀਏ ਫ਼ੇਰ ਪਿੱਛੋਂ ,
ਜਾਣ ਬੁੱਝ ਕੇ ਨਾ ਕਰੀਏ ਟਾਂਚ ਲੋਕੋ ।

ਪੰਜਾਬੀ ਸੱਭਿਆਚਾਰ ਵਿੱਚ ਭਾਵੇਂ ਵੱਖਰੇ ਧਰਮਾਂ , ਜਾਤਾਂ , ਰੰਗਾਂ ਨਸਲਾਂ ਦੇ ਲੋਕ ਵੱਸਦੇ ਹਨ ਐਪਰ ਗੁਰੂਆਂ , ਪੀਰਾਂ ਅਤੇ ਸੂਰਮਿਆਂ ਦੀ ਧਰਤੀ ਹੋਣ ਸਦਕਾ ਸਾਰੇ ਹੀ ਇੱਕ ਧਾਗੇ ਵਿੱਚ ਪਰੋਏ ਹੋਏ ਮਨੁੱਖਤਾ ਦੇ ਮਣਕੇ ਹਨ । ਗੁਰੂ , ਬੰਦਗੀ , ਦਾਤਾ , ਭਗਤ ਸੂਰਮੇ , ਬੰਦੇ ਤੋਂ ਇਨਸਾਨ ਬਣਨ ਦੀ ਚੇਸ਼ਟਾ , ਰਿਜ਼ਕ ਤੇ ਮੌਤ , ਅਮਲਾਂ ਬਾਝ ਨਬੇੜੇ , ਧੁਰ ਦਰਗਾਹੋਂ ਮੇਲੇ , ਸਬਰ ਸੰਤੋਖ , ਕਿਰਤ ਕਮਾਈ , ਮਹਾਂ ਦਾਨ , ਜ਼ਕਾਤ , ਨੇਕੀ ਕਰਨ ਜਿਹੇ ਵਿਚਾਰਾਂ ਨੂੰ ਪੰਜਾਬ ਵਿੱਚ ਵਸਦੇ ਸਾਰੇ ਹੀ ਲੋਕ ਸਾਂਝਿਆਂ ਮੰਨਦੇ ਹਨ । ਸ਼ਰਮਾ ਨੇ ਇਨ੍ਹਾਂ ਸਾਂਝੇ ਤੱਥਾਂ ਨੂੰ ਕਲਮ ਦਾ ਵਾਹਣ ਬਣਾਇਆ ਹੈ ।

ਬਹੁਤੇ ਯਾਰ ਕੀ ਫੋੜੇ 'ਤੇ ਰਗੜ ਲਾਉਂਣੇ ,
ਯਾਰ ਓਹੀ ਜੋ ਬੰਦੇ ਦੇ ਕੰਮ ਆਉਂਦੇ ।

***********

ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਦਾਤਾ , ਭਗਤ ਤੇ ਸੂਰਮੇ ਸਦਾ ਜਿਉਂਦੇ ।

***********

ਝੂਠੇ ਬੰਦਿਆਂ ਤੋਂ ਪਾਸਾ ਵੱਟ ਲਈਏ ,
ਜੇਕਰ ਬਣੀਏਂ ਤਾਂ ਸੱਚ ਦਾ ਗਿਆਨ ਬਣੀਏਂ ।

ਸ਼ਰਮਾ ਦੇ ਸੰਕਲਪ ਅਤੇ ਵਿਸ਼ੇ ਸਮਾਜਿਕ ਸਮੂਹਾਂ ਦੇ ਅੰਤਰੀਵ ਦੇ ਉਹ ਪੰਨੇ ਹਨ ਜਿਨ੍ਹਾਂ ਵਿੱਚ ਬੇਵਸੀਆਂ , ਚਿੰਤਨ , ਅਹਿਸਾਸ , ਤ੍ਰਾਸਦਿਕ , ਸੰਵੇਦਨਾ ਅਤੇ ਵਿਵਸਥਾ ਦੀਆਂ ਚੀਕਾਂ ਤੇ ਅਹਿਸਾਸ ਦਾ ਆਕ੍ਰੋਸ਼ ਛੁਪਿਆ ਪਿਆ ਹੈ । ਸੰਘਰਸ਼ਮਈ ਜ਼ਿੰਦਗੀ , ਬੰਦੇ ਦੀ ਬੰਦਾ ਦਾਰੂ , ਅਮਲਾਂ 'ਤੇ ਨਬੇੜੇ , ਪੀੜ ਪਰਾਈ , ਦਿਲ ਦਾ ਭੇਤ , ਚਾਦਰ ਵੇਖ ਕੇ ਪੈਰ ਪਸਾਰਨੇ , ਨੌਂ ਨਕਦ ਤੇਰਾਂ ਉਧਾਰ , ਸੱਜਣਾ ਨਾਲ਼ ਮਜਲਸਾਂ , ਔਲ਼ੇ ਦਾ ਖਾਧਾ , ਸਕੇ ਭਾਈਆਂ ਦਾ ਪਿਆਰ , ਭਾਈਆਂ ਨਾਲ਼ ਸਰਦਾਰੀਆਂ , ਏਕੇ ਵਿੱਚ ਬਰਕਤ ਆਦਿ ਜਿਹੇ ਵਿਚਾਰਾਂ ਰਾਹੀਂ ਸ਼ਰਮਾ ਨੇ ਸਮਾਜਿਕ ਰਿਸ਼ਤਿਆਂ , ਜਿਉਂਣ ਦੇ ਚੱਜ ਆਚਾਰ , ਸਿਆਣਪਾਂ ਤੇ ਨੀਤੀਆਂ ਨੂੰ ਪੇਸ਼ ਕੀਤਾ ਹੈ ।

ਜਿਸ ਦੀ ਆਪਣੀ ਨੀਤ ਵਿੱਚ ਖੋਟ ਹੋਵੇ ,
ਉਹਨੂੰ ਕਦੇ ਵੀ ਸੱਚਾ ਨਾ ਯਾਰ ਮਿਲਦਾ ।

**********

ਬਹੁਤੀ ਦੇਰ ਇਕੱਠ ਨਾ ਰਹੇ ਓਥੇ ,
ਜਿਹੜੇ ਘਰ ਵਿੱਚ ਮੇਰ ਤੇ ਤੇਰ ਹੋਵੇ ।

***********

ਪੁੱਤ ਕਿਸੇ ਦਾ ਵੇਖ ਤਰੱਕੀ ਕਰਦਾ ,
ਐਵੇਂ ਆਪਣੇ ਖ਼ੂਨ ਨੂੰ ਸਾੜੀਏ ਨਾ ।

***********

ਹਰਜਾ ਮਰਜਾ ਵੀ ਝੱਲਣਾ ਪਵੇ ਭਾਵੇਂ ,
ਘਰੇਂ ਆਈ ਪੰਚਾਇਤ ਨੂੰ ਧੱਕੀਏ ਨਾ ।

***********

ਮੂਲ ਚੰਦ ਸ਼ਰਮਾ ਨੇ ਔਰਤ ਦੀ ਦਸ਼ਾ ਤੇ ਦਿਸ਼ਾ ਦੀਆਂ ਪ੍ਰੰਪਰਾਗਤ ਸਥਿਤੀਆਂ ਨੂੰ ਨਿਖੇੜ ਕੇ ਵਿਗਿਆਨਕ ਯੁੱਗ ਦੇ ਚੇਤਨ ਵਰਤਾਰੇ ਤੱਕ ਲੈ ਆਂਦਾ ਹੈ । ਜਨਾਨੀ 'ਤੇ ਹੱਥ ਚੁੱਕਣਾ , ਹੀਜੜੇ , ਵਿਹੜਾ ਬਾਬਲ ਦਾ , ਮਾਂ ਦੀ ਪੂਜਾ , ਧੀਆਂ ਭੈਣਾਂ ਆਦਿ ਵਿਚਾਰਾਂ ਰਾਹੀਂ ਔਰਤ ਦੇ ਮਾਣ ਤੇ ਸਨਮਾਨ ਨੂੰ ਉੱਚਾ ਕੀਤਾ ਹੈ ।

ਜੂੜ ਵੱਢਿਆ ਜਾਵੇ ਜੇ ਦਾਜ ਵਾਲ਼ਾ ,
ਸਹੁਰੇ ਘਰ ਵਿੱਚ ਨੂੰਹਾਂ ਨਾ ਸੜਨ ਲੋਕੋ ।

***********

ਪੜ੍ਹ ਲਿਖ ਕੇ ਧੀਆਂ ਜੇ ਹੋਣ ਕਾਬਲ ,
ਆਪਣੇ ਪੈਰਾਂ 'ਤੇ ਆਪ ਉਹ ਖੜ੍ਹਨ ਲੋਕੋ ।

***********

ਹਿਰਦਾ ਮਾਵਾਂ ਦਾ ਬਹੁਤ ਵਿਸ਼ਾਲ ਹੁੰਦਾ ,
ਮਾਂ ਨਾ ਕਦੇ ਸੁਭਾਅ ਦੀ ਡਾਇਣ ਹੁੰਦੀ ।

***********

ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਪਿੰਡ ਦੀ ਕੁੜੀ ਤਾਂ ਧੀ ਜਾਂ ਭੈਣ ਹੁੰਦੀ ।

***********

ਪੰਜਾਬੀ ਸੱਭਿਆਚਾਰ ਤੇ ਸੰਸਕ੍ਰਿਤੀ ਪੰਜਾਬ ਦੀ ਅਮੀਰ ਪੰਜਾਬੀਅਤ ਦੀ ਪਹਿਚਾਣ ਕਰਵਾਉਂਦੇ ਹਨ । ਧਰਮ , ਲੋਕ ਚੇਤਨਾ ਅਤੇ ਜਨ ਸ਼ਕਤੀ ਇੱਕ ਪ੍ਰਵਾਹ ਵਾਂਗ ਹਨ , ਇਹੋ ਕਾਰਨ ਹੈ ਕਿ ਭਾਵੇਂ ਨਵੇਂ ਗਲੋਬਲ ਦੌਰ ਵਿੱਚ ਸੂਚਨਾ , ਮਸ਼ੀਨ , ਜੀਵ , ਪਦਾਰਥ , ਪੁਲਾੜ ਅਤੇ ਤਕਨਾਲੋਜੀ ਨੇ ਸਮਾਜਿਕ ਜ਼ਿੰਦਗੀ ਵਿੱਚ ਬੜੀ ਤਰੱਕੀ ਕੀਤੀ ਹੈ ਪਰ ਲੋਕ ਤੱਥਾਂ ਦੀ ਲੋਕਯਾਨਿਕ ਸਚਾਈ ਹਰ ਵਕਤ ਨਵੀਨ ਰਹਿੰਦੀ ਹੈ ।

ਯੁੱਗ ਦੀ ਭੌਤਿਕ ਤਬਦੀਲੀ ਸਦਕਾ ਉੱਸਰੇ ਲੋਕ ਤੱਥਾਂ ਦੀ ਨਵੀਨਤਾ ਮੀਡੀਆ ਰਾਹੀਂ ਅੰਤਰਰਾਸ਼ਟਰੀ ਪੱਧਰ ਦੇ ਸੱਭਿਆਚਾਰਾਂ ਨਾਲ਼ ਜੁੜ ਗਈ ਹੈ । ਬਹੁਤੇ ਥਾਈਂ ਉਹ ਨੈਤਿਕਤਾ ਦੇ ਪੁਰਾਣੇ ਵਿਚਾਰਾਂ ਨੂੰ ਮੰਨਣ ਤੋਂ ਇਨਕਾਰੀ ਹੈ । ਇਸ਼ਕ ਦੀ ਪਦਾਰਥਵਾਦੀ ਸੋਚ ਰੰਗ , ਰੂਪ ਤੇ ਪੈਸੇ ਦੀ ਚਕਾਚੌਂਧ ਵਿੱਚ ਗੁੰਮੀ ਅਹਿਸਾਸ ਅਤੇ ਸੁਹਿਰਦਤਾ ਤੋਂ ਕੋਰੀ ਹੈ । ਮਾਪਿਆਂ ਤੋਂ ਬਾਗ਼ੀ ਪੱਛਮ ਦੀ ਸੱਭਿਅਤਾ ਦੀ ਕਾਇਲ ਹੈ , ਅਜਿਹੇ ਵਰਤਾਰੇ 'ਚ ਆਏ ਨਵੇਂ ਧਰਾਤਲਾਂ ਨੂੰ ਸ਼ਰਮਾ ਨੂੰ ਹੋਰ ਖੋਜਣ ਦੀ ਲੋੜ ਹੈ । ਫ਼ਿਰ ਵੀ ਉਸ ਨੇ ਲੋਕ ਤੱਤ ਨੂੰ ਲੋਕ ਤੱਥ ਢਾਂਚੇ ਅਤੇ ਕਾਵਿਕ ਰੰਗ ਵਿੱਚ ਢਾਲ਼ ਕੇ ਕੁੰਦਨ ਬਣਾ ਦਿੱਤਾ ਹੈ । ਸੱਭਿਆਚਾਰ ਜੀਵਨ ਦਾ ਸੰਯੋਗ ਸੱਚ ਹੈ । ਮਨੁੱਖੀ ਜੀਵਨ ਦੀ ਵਾਸਤਵਿਕਤਾ , ਰਹਿਣ ਸਹਿਣ , ਖਾਣ ਪੀਣ , ਕੰਮ ਕਾਰ , ਰੀਤੀ ਰਿਵਾਜ , ਸਾਹਿਤ , ਕਲਾ , ਵਿਗਿਆਨ , ਮਿੱਥ , ਕਥਾਨਕ ਬਾਰੇ ਉਸ ਨੇ ਆਪਣੀ ਸਾਿ-ਹਤਕ ਅਤੇ ਬੌਧਿਕ ਪਹਿਚਾਣ ਕਰਵਾਈ ਹੈ । ਰਚਨਾ ਦੇ ਕਾਵਿਕ ਗੁਣਾਂ ਨੂੰ ਸੰਜੀਦਗੀ ਨਾਲ਼ ਨਿੱਠਿਆ ਹੈ । ਚਾਰ ਤੁਕਾਂਤੀ ਬੈਂਤ ਰਾਹੀਂ ਵਿਚਾਰਾਂ ਨੂੰ ਸ਼ਾਬਦਿਕ ਭੰਡਾਰ 'ਚੋਂ ਭਾਲ਼ ਭਾਲ਼ ਵਿਸ਼ਿਆਂ ਦੀ ਜਰੂਰਤ ਵਿੱਚ ਜੜਿਆ ਹੈ । ਸਰਲਤਾ , ਤਰਲਤਾ ਅਤੇ ਭਾਵਾਂ ਦਾ ਵਹਿਣ ਬਣ ਕੇ ਭਰ ਵਗਦਾ ਦਰਿਆ ਬਣਿਆਂ ਹੈ । ਇਹੀ ਕਾਰਨ ਹੈ ਕਿ ਗੀਤਕਾਰ ਮੂਲ ਚੰਦ ਸ਼ਰਮਾ ਦੀ ਰਚਨਾ ਦਾ ਤੋਲ ਤੁਕਾਂਤ , ਲੈਅ , ਸੰਗੀਤਾਤਮਕਤਾ ਅਤੇ ਵਹਿਣ ਗੀਤਾਂ ਵਰਗੀ ਤਰਜਮਾਨੀ ਕਰਦਾ ਆਪਣੇ ਮੂਲ ਨੂੰ ਨਹੀਂ ਗੁਆਉਂਦਾ । ਇਹ ਹੀ ਉਸ ਦਾ ਵਡੱਪਣ ਹੈ ਤੇ ਤੀਖਣ ਬੁੱਧੀ ਦਾ ਕ੍ਰਿਸ਼ਮਾ ਹੈ । ਦੁਨਿਆਵੀ ਦੁੱਖ ਸੁੱਖ ਵਿੱਚ ਪਲ਼ਦੇ ਵਿਚਾਰਾਂ ਨੂੰ ਸ਼ਾਬਦਿਕ ਜਾਮਾਂ ਪਹਿਨਾ ਕੇ ਨੀਤੀਗਤ ਵਰਤਾਰੇ ਦੀ ਚਾਸ਼ਣੀ ਚਾੜ੍ਹੀ ਹੈ । ਪੰਜਾਬੀਆਂ ਦੀ ਵਿਲੱਖਣ ਪਹਿਚਾਣ , ਦ੍ਰਿੜਤਾ ਤੇ ਸਵੈਮਾਣ , ਸਾਹਸ ਤੇ ਆਤਮ ਵਿਸ਼ਵਾਸ , ਕਰਮ ਯੋਗ , ਨਿਰਭੈਤਾ ਅਤੇ ਨਿਰਵੈਰਤਾ ਆਦਿ ਪੱਖਾਂ ਨੂੰ ਉਸ ਨੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ਜੋ ਕਿ ਜਨਮ ਜਾਤ ਨਹੀਂ ਆਏ ਸਗੋਂ ਸਾਡੇ ਪੁਰਖਿਆਂ ਨੇ ਪਠਾਣਾਂ , ਗਜ਼ਨਵੀਆਂ , ਅਬਦਾਲੀਆਂ , ਮੁਗਲਾਂ ਅਤੇ ਅੰਗਰੇਜ਼ਾਂ ਨਾਲ਼ ਹਿੱਕ ਡਾਹ ਕੇ ਲੜਨ ਮਰਨ ਨਾਲ਼ ਕਮਾਏ ਹਨ । ਸ਼ਾਲਾ ਇਹ ਕਲਮ ਭਾਵਾਂ , ਜਜ਼ਬਾਤਾਂ ਅਤੇ ਸੁਹਿਰਦਤਾ ਦੇ ਪਾਣੀਆਂ ਨਾਲ਼ ਸਾਹਿਤ ਕਿਆਰੀ ਨੂੰ ਸਿੰਜਦੀ ਰਹੇ ।



ਮੀਤ ਖਟੜਾ ( ਡਾ. )
99143 - 74011

# ਪ੍ਰਛਾਵੇਂ ਦਾ ਡਰ

ਜਾਣ ਲੀ ਹਾਂਗ ਇਕ ਬਹੁਤ ਹੀ ਜਾਲਮ ਰਾਜਾ ਸੀ।ਜਿਹੜਾ ਵੀ ਉਸ ਦੇ ਬਾਰੇ ਵਿੱਚ ਕੋਈ ਗਲਤ ਬੋਲਦਾ ਜਾਂ ਉਸ ਦੇ ਵਿਰੋਧ ਵਿੱਚ ਬੋਲਦਾ,ਉਹ ਉਸ ਨੂੰ ਫੜ ਕੇ ਜੇਲ ਵਿੱਚ ਸੁੱਟ ਦਿੰਦਾ,ਜਾਂ ਚੀਨ ਵਿੱਚ ਮਜ਼ਦੂਰੀ ਦਾ ਕੰਮ ਕਰਨ ਲਈ ਭੇਜ ਦਿੰਦਾ,ਜਿੱਥੇ ਚੀਨ ਦੀ ਮਹਾਨ ਕੰਧ ਬਣਾਉਣ ਦਾ ਕੰਮ ਜੋਰਾਂ ਤੇ ਚੱਲ ਰਿਹਾ ਸੀ।ਉਹ ਬੁੱਧੀਮਾਨ ਲੋਕਾਂ ਨੂੰ ਬਹੁਤ ਨਫ਼ਰਤ ਕਰਦਾ ਸੀ।ਉਹ ਲੇਖਿਕਾ ਅਤੇ ਅਧਿਆਪਕਾਂ ਲਈ ਇਕ ਬਹਾਨਾ ਲੱਭਦਾ ਸੀ ਕਿ ਕਦੋਂ ਮੇਰੇ ਖਿਲਾਫ ਕੁਝ ਲਿਖਣ ਜਾਂ ਮੇਰੇ ਖਿਲਾਫ ਕੁਝ ਬੋਲਣ ਤਾਂ ਮੈ ਇਹਨਾਂ ਨੂੰ ਜੇਲ ਵਿੱਚ ਸੁੱਟਾਂ।

ਉਸ ਨੇ ਅਧਿਆਪਕ ਚੇਨ ਦੇ ਨਾਲ ਵੀ ਕੁਝ ਇਸ ਤਰਾਂ ਹੀ ਕੀਤਾ ਸੀ। ਅਧਿਆਪਕ ਚੇਨ ਅਤੇ ਉਹਨਾਂ ਦੀ ਪਤਨੀ ਇਕ ਦੂਸਰੇ ਨਾਲ ਬਹੁਤ ਪਿਆਰ ਕਰਦੇ ਸਨ।ਦੋਹਾਂ ਦਾ ਬਚਪਕ ਇਕ ਹੀ ਪਿੰਡ ਵਿੱਚ ਬੀਤਿਆ ਸੀ।ਦੋਵੇਂ ਇਕੋ ਹੀ ਪਿੰਡ ਦੀਆਂ ਗਲੀਆਂ ਵਿੱਚ ਖੇਲ-ਕੁੱਦ ਕੇ ਵੱਡੇ ਹੋਏ,ਅਤੇ ਦੋਹਾਂ ਨੇ ਹੀ ਵਿਆਹ ਕਰਵਾ ਲਿਆ।

ਚੇਨ ਦੀ ਗ੍ਰਿਫਤਾਰ ਤੋਂ ਇਕ ਮਹੀਨੇ ਬਾਅਦ ਉਹਨਾਂ ਦੀ ਪਤਨੀ ਲੀ ਨੇ ਇਕ ਬੱਚੇ ਨੂੰ ਜਨਮ ਦਿੱਤਾ।ਅਜਿਹੇ ਸਮੇਂ ਵਿੱਚ ਲੀ ਨੂੰ ਚੇਨ ਦੀ ਗੈਰਹਾਜ਼ਰੀ ਬਹੁਤ ਯਾਦ ਆਉਦੀ ਸੀ।ਜਦੋਂ ਵੀ ਉਸ ਦੀ ਯਾਦ ਆਉਦੀ ਤਾਂ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ।ਉਸ ਨੇ ਨਵੇ ਜਨਮੇ ਬੱਚੇ ਦਾ ਨਾਮ ਚਿਨ ਰੱਖਿਆ ਸੀ।ਚੇਨ ਨੇ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਇਹ ਨਾਮ ਚੁਣ ਲਿਆ ਸੀ।

ਜਦੋਂ ਚਿਨ ਨੇ ਬੋਲਣਾ ਸੁਰੂ ਕੀਤਾ ਤਾਂ ਲੀ ਨੇ ਉਸ ਨੂੰ ਖੁਦ ਹੀ ਸਿਖਾਉਣਾ ਪੜਾਉਣਾ ਸੁਰੂ ਕੀਤਾ।ਉਸ ਨੇ ਚੇਨ ਦੀ ਕਿਤਾਬਾਂ ਵਾਲੀ ਵਾਲੀ ਅਲਮਾਰੀ ਵਿੱਚੋਂ ਕੁਝ ਬੱਚਿਆਂ ਵਾਲੀ ਕਿਤਾਬਾਂ ਕੱਢੀਆਂ,ਚਿਨ ਨੂੰ ਉਹ ਕਿਤਬਾਂ ਫੜਾਉਦੇ ਹੋਏ ਬੋਲੇ, 'ਤੇਰੇ ਪਿਤਾ ਨੇ ਇਹ ਕਿਤਾਬਾਂ ਤੇਰੇ ਲਈ ਲਿਆਦੀਆਂ ਸੀ।'ਕਿਤਾਬਾਂ ਮਿਲਣ ਤੋਂ ਬਾਅਦ ਛੋਟੀ ਚਿਨ ਬਹੁਤ ਖੁਸ਼ ਸੀ,ਉਸ ਨੇ ਕਿਹਾ ਕਿ 'ਮਾਂ ਤੁਸੀ ਮੈਨੂੰ ਪੜ੍ਹਾਓਗੇ,ਤਾਂ ਮੈਂ ਜਰੂਰ ਪੜ੍ਹਾਂਗਾ।'

ਚਿਨ ਇਕ ਹੁਸ਼ਿਆਰ ਬੱਚਾ ਸੀ।ਬੜੀ ਜਲਦੀ ਹੀ ਉਸ ਨੇ ਲਿਖਣਾ ਸਿੱਖ ਲਿਆ ਸੀ,ਅਤੇ ਕਿਤਾਬਾਂ ਪੜ੍ਹਨੀਆਂ ਸੁਰੁ ਕਰ ਦਿੱਤੀਆਂ ਸਨ।ਕਈ ਵਾਰ ਉਹ ਅੜ੍ਹ ਜਾਂਦਾ,ਜਿੱਦ ਕਰਦਾ ਕਿ ਮੈਂ ਆਪਣੇ ਪਾਪਾ ਨੂੰ ਮਿਲਣਾ ਚਾਹੁੰਦਾ ਹਾਂ, 'ਉਦਾਸ ਹੋਈ ਲੀ ਕਹਿੰਦੀ ਕਿ ਤੁਸੀ ਅਜੇ ਆਪਣੇ ਪਾਪਾ ਨੂੰ ਨਹੀ ਮਿਲ ਸਕਦੇ ਕਿਉਂਕਿ ਉਹ ਵਿਦੇਸ ਗਏ ਹੋਏ ਹਨ?ਤਾਂ ਫਿਰ ਉਹ ਕਦੋਂ ਮਿਲ ਸਕਦੇ?

ਉਹ ਜਲਦੀ ਹੀ ਵਿਦੇਸ਼ ਤੋਂ ਵਾਪਸ ਆਉਣਗੇ।ਇਹ ਗੱਲ ਜਲਦੀ ਹੀ ਚਿਨ ਮੰਨ ਗਿਆ,ਅਤੇ ਆਪਣੀ ਜਿੱਦ ਛੱਡ ਦਿੱਤੀ।

ਜਦੋਂ ਚਿਨ ਸੌਂ ਜਾਂਦਾ ਸੀ ਤਾਂ ਲੀ ਉਸ ਦੇ ਬਿਸਤਰ ਦੇ ਨੇੜੇ ਹੀ ਗੋਡਿਆਂ ਭਾਰ ਬੈਠ ਕੇ ਆਪਣੇ ਪਤੀ ਚੇਨ ਦੀ ਤੰਦਰੁਸਤੀ ਦੀ ਪ੍ਰਾਥਨਾ ਕਰਦੀ ਅਤੇ ਹਰ ਸਮੇਂ ਉਸ ਦੀ ਸੁਰੱਖਿਆ ਦੀ ਪ੍ਰਮਾਤਮਾ ਕੋਲੋ ਭੀਖ ਮੰਗਦੀ।ਦਿਨ ਬੀਤ ਰਹੇ ਸਨ ਅਤੇ ਚਿਨ ਹੁਣ ਪੰਜ ਸਾਲ ਦਾ ਹੋ ਗਿਆ ਸੀ।

ਇਕ ਦਿਨ ਅਚਾਨਕ ਇਕ ਬਹੁਤ ਹੀ ਭਿਆਨਕ ਤੁਫਾਨ ਆ ਗਿਆ,ਦਰਵਾਜ਼ੇ ਅਤੇ ਖਿੜਕੀਆਂ ਵੱਜਣੀਆਂ ਸੁਰੂ ਹੋ ਗਈਆਂ।ਬੱਚਾ ਚਿਨ ਜਾਗ ਗਿਆ,ਅਤੇ ਡਰ ਨਾਲ ਰੋਣ ਲੱਗ ਗਿਆ।ਆਪਣੇ ਡਰ ਨੂੰ ਦੂਰ ਕਰਨ ਲਈ ਲੀ ਨੇ ਇਕ ਲਾਲਟੈਣ ਜਗਾਈ ਅਤੇ ਚਿਨ ਦੇ ਬਿਸਤਰ ਦੇ ਕੋਲ ਰੱਖ ਦਿੱਤੀ ਤਾਂ ਕਿ ਚਿਨ ਦਾ ਡਰ ਦੂਰ ਹੋ ਸਕੇ।

ਜਿਵੇਂ ਹੀ ਲੀ ਨੇ ਲਾਲਟੈਣ ਰੱਖ ਕੇ ਖਿੜਕੀਆਂ ਦਰਵਾਜ਼ੇ ਬੰਦਾ ਕਰਨ ਲਈ ਬਾਹਰ ਗਈ ਤਾਂ ਬੱਚਾ ਚਿਨ ਕੰਧ ਤੇ ਪੈਦੇ ਪ੍ਰਛਾਵੇਂ ਨੂੰ ਦੇਖ ਬੁਰੀ ਤਰਾਂ ਨਾਲ ਡਰ ਕੇ ਰੋਣ ਲੱਗ ਪਿਆ।ਆਪਣੇ ਡਰ ਨੂੰ ਦੂਰ ਕਰਨ ਲਈ ਲੀ ਨੇ ਬੱਚੇ ਨੂੰ ਬਹੁਤ ਸਮਝਾਇਆ,'ਡਰ ਨਾ, ਇਹ ਤੇਰੇ ਪਿਤਾ ਜੀ ਹਨ' ਚਿਨ ਬੱਚਾ ਝੱਟ ਦੇਣਾ ਮੰਜੇ ਤੋਂ ਉਤਰ



ਗਿਆ।ਗਢਿਆਂ ਭਾਰ ਹੋ ਕੇ ਕੰਧ ਵੱਲ ਨੂੰ ਮੂੰਹ ਕਰਕੇ ਕੇ 'ਮੇਰੇ ਪਿਤਾ ਜੀ,ਬਹੁਤ ਸਾਰਾ ਸਲਾਮ ਕਹਿ ਕੇ ਆਪਣੇ ਬਿਸਤਰ ਤੇ ਚਲਾ ਗਿਆ ਅਤੇ ਆਰਾਮ ਨਾਲ ਸੌਂ ਗਿਆ।

ਉਸ ਰਾਤ ਤੋਂ ਬਾਅਦ ਹਰ ਰੋਜ਼ ਹੀ ਇਹ ਤੁਫਾਨ ਵਾਲੀ ਘਟਨਾ ਹੋਣ ਲੱਗ ਗਈ ਸੀ।ਉਸ ਬੱਚੇ ਨੇ ਆਪਣੇ ਉਸ ਪ੍ਰਛਾਵੇਂ ਵਿੱਚੋ ਆਪਣੇ ਪਿਤਾ ਲੱਭ ਲਏ ਸਨ।

ਇਕ ਰਾਤ ਜਦੋਂ ਚਿਨ ਬੱਚਾ ਸੌਂ ਗਿਆ ਸੀ ਤਾਂ ਲੀ ਅਜੇ ਸੌਣ ਵਾਲੀ ਸੀ।ਉਸ ਨੂੰ ਇਕ ਮੰਦਰ ਤੋਂ ਫੋਨ ਆਇਆ ਕਿ ਪੁਜਾਰੀ ਨੇ ਉਸ ਨੂੰ ਮਿਲਣ ਲਈ ਬੁਲਾਇਆ ਹੈ।ਜਿਵੇਂ ਹੀ ਲੀ ਆਪਣੇ ਘਰ ਤੋਂ ਬਾਹਰ ਗਈ ਤੇ ਅਚਾਨਕ ਹੀ ਉਹ ਆਪਣੇ ਸਾਹਮਣੇ ਖੜੇ ਚੇਨ ਨੂੰ ਦੇਖ ਕੇ ਬਹੁਤ ਖੁਸ਼ ਹੋਈ, 'ਤੁਸੀ?'

ਚੇਨ ਥੋੜਾ ਘਬਰਾਇਆ ਹੋਇਆ ਸੀ, 'ਕਿੱਥੇ ਜਾ ਰਹੀ ਸੀ?'ਚੇਨ ਨੇ ਉਸ ਨੂੰ ਪੁੱਛਿਆ।

ਮੰਦਰ ਤੋਂ ਸੱਦਾ ਆਇਆ ਸੀ,ਕਿ ਆਓ' ਚੇਨ ਨੇ ਆਪਣੇ ਆਪ ਨੂੰ ਸੰਭਾਲਦੇ ਹੋਏ, 'ਮੈਂ ਜੇਲ ਵਿਚੋਂ ਦੌੜ ਕੇ ਆਇਆ ਹਾਂ,' ਤੁਸੀ ਘਰ ਜਾਓ ਅਤੇ ਘਰ ਜਾ ਕੇ ਲੁਕ ਜਾਓ,ਮੈਂ ਜਲਦੀ ਮੰਦਰ ਹੋ ਕੇ ਆਉਦੀ ਹਾਂ।ਲੀ ਚੇਨ ਨੂੰ ਕਿਹਾ।

ਛੇਨ ਜਦੋਂ ਘਰ ਪਹੁੰਚਿਆਂ ਤਾਂ ਚਿਨ ਉਸ ਨੂੰ ਦੇਖ ਕੇ ਡਰ ਗਿਆ ਤਾਂ ਰੋਣ ਲੱਗ ਪਿਆ।ਚੇਨ ਤੋਂ ਬੱਚੇ ਦਾ ਰੋਣਾ ਦੇਖਿਆ ਨਹੀ ਜਾ ਰਿਹਾ ਸੀ।ਉਹ ਆਪਣੇ ਬੱਚੇ ਚਿਨ ਦੇ ਕੋਲ ਗਿਆ ਤਾਂ 'ਕਿਹਾ ਕਿ ਬੇਟਾ ਡਰ ਨਾ ਮੈਂ ਤੇਰਾ ਪਿਤਾ ਹੀ ਹਾਂ,'

ਚਿਨ ਉਸ ਨੂੰ ਦੇਖ ਕੇ ਰੋਣਾ ਭੁੱਲ ਗਿਆ,ਅਤੇ ਗੁੱਸੇ ਵਿੱਚ ਆ ਕੇ ਬੋਲਿਆ ਕਿ 'ਏਥੋਂ ਚਲੇ ਜਾਓ'ਤੁਸੀ ਮੇਰੇ ਪਿਤਾ ਨਹੀ ਹੋ,ਮੇਰੇ ਪਿਤਾ ਜੀ ਤਾਂ ਬਹੁਤ ਦੂਰ ਰਹਿੰਦੇ ਹਨ।ਪਰ ਉਹ ਹਰ ਰਾਤ ਮੇਰੇ ਕੋਲ ਆਉਦੇ ਹਨ।ਜਦੋਂ ਮੈਂ ਸੌਂ ਜਾਂਦਾ ਹਾਂ ਤਾਂ ਉਹ ਚਲੇ ਜਾਂਦੇ ਹਨ।ਇਹਨਾਂ ਕਹਿ ਕੇ ਚਿਨ ਨੇ ਆਪਣੇ ਪਿਤਾ ਨੂੰ ਯਾਦ ਕੀਤਾ ਤਾਂ ਸੌਂ ਗਿਆ।



ਪੇਸ਼ਕਸ਼:-ਅਮਰਜੀਤ ਚੰਦਰ ਲੁਧਿਆਣਾ

ਪੁੱਤਰ ਦਾ ਇਹ ਜਵਾਬ ਸੁਣ ਕੇ ਚੇਨ ਬਹੁਤ ਹੈਰਾਨ ਹੋਇਆ।ਉਸ ਨੂੰ ਕੁਝ ਸਮਝ ਨਹੀ ਆ ਰਿਹਾ ਸੀ।ਲੀ ਉਸ ਨੂੰ ਮਿਲੀ ਪਰ ਉਹ ਮੰਦਰ ਜਾਣ ਦੀ ਜਲਦੀ ਵਿੱਚ ਸੀ।ਉਸ ਨੇ ਇਹ ਵੀ ਨਹੀ ਦੱਸਿਆ ਕਿ ਉਹ ਕਿਸ ਨੂੰ ਮਿਲਣ ਗਈ ਹੈ।ਏਥੇ ਉਸ ਦੇ ਬੱਚੇ ਨੇ ਉਸ ਨੂੰ ਪਛਾਣਨ ਤੋਂ ਇਨਕਾਰ ਕਰ ਦਿੱਤਾ ਹੈ।ਉਸ ਨੇ ਤਾਂ ਇਹ ਕਹਿ ਦਿੱਤਾ ਹੈ ਕਿ ਉਸ ਦਾ ਪਿਤਾ ਕੋਈ ਹੋਰ ਹੈ,ਜੋ ਕਿ ਰਾਤ ਦੇ ਸਮੇਂ ਉਸ ਨੂੰ ਮਿਲਣ ਆਉਦਾ ਹੈ।ਜਦੋਂ ਲੀ ਮੰਦਰ ਤੋਂ ਵਾਪਸ ਆਈ ਤਾਂ ਦੇਖ ਕੇ ਘਬਰਾ ਗਈ,ਉਸ ਨੇ ਚੇਨ ਨੂੰ ਦੱਸਿਆਂ ਕਿ ਮੰਦਰ ਦਾ ਪੁਜਾਰੀ ਕਹਿ ਰਿਹਾ ਸੀ ਕਿ ਪੁਲਿਸ ਦੇ ਆਦਮੀ ਉਸ ਨੂੰ ਫੜਣ ਲਈ ਇਧਰ ਉਧਰ ਲੱਭ ਰਹੇ ਹਨ।ਉਸ ਨੂੰ ਘਰ ਚ ਹੀ ਲੁਕਾ ਕੇ ਰੱਖੋ,ਪਰ ਚੇਨ ਨੇ ਉਸ ਦੀਆਂ ਗੱਲਾਂ ਦਾ ਕੋਈ ਜਵਾਬ ਨਹੀ ਦਿੱਤਾ।

ਉਸ ਨੂੰ ਗੁਸੇ ਵਿੱਚ ਦੇਖ ਲੀ ਨੇ ਉਸ ਦਾ ਕਾਰਨ ਜਾਣਨਾ ਚਾਹਿਆ,ਬਹੁਤ ਵਾਰ ਪੁੱਛਣ ਤੇ ਉਸ ਨੇ ਲੀ ਤੇ ਸ਼ੱਕ ਪ੍ਰਗਟ ਕੀਤਾ ਤਾਂ ਲੀ ਦੀਆਂ ਗੱਲਾਂ ਦਾ ਜਵਾਬ ਦਿੱਤੇ ਬਿੰਨਾਂ ਹੀ ਉਹ ਉਥੋਂ ਵਾਪਸ ਚਲਾ ਗਿਆ।

ਲੀ ਸਮਝਦਾਰ ਸੀ ਅਤੇ ਇਹ ਸਾਰਾ ਮਾਮਲਾ ਉਸ ਦੀ ਸਮਝ ਵਿੱਚ ਆ ਗਿਆ ਸੀ।ਲੀ ਬਹੁਤ ਦੁੱਖੀ ਹੋਈ ਉਸ ਰਾਤ ਹੀ ਉਸ ਨੇ ਨਦੀ ਵਿੱਚ ਛਾਲ ਮਾਰ ਕੇ ਖੁਦਕਸ਼ੀ ਕਰ ਲਈ।

ਅਗਲੇ ਦਿਨ ਗੁਆਂਢੀਆਂ ਨੇ ਚਿਨ ਨੂੰ ਸੰਭਾਲਿਆ ਤਾਂ ਉਹ ਆਪਣੇ ਘਰ ਲੈ ਗਏ।

ਦੂਸਰੇ ਹੀ ਦਿਨ ਰਾਜਾ ਨੇ ਇਹ ਐਲਾਨ ਕਰ ਦਿੱਤਾ ਕਿ ਜਿਹੜੇ ਕੈਦੀ ਲੇਖਿਕ,ਅਦਿਆਪਕ ਜਾਂ ਸਮਾਜ ਸੁਧਾਰਕ ਹਨ,ਉਹਨਾਂ ਨੂੰ ਮੁਆਫੀ ਦੇ ਕੇ ਰਿਹਾ ਕਰ ਦਿੱਤਾ ਗਿਆ ਹੈ।ਚੇਨ ਨੇ ਇਹ ਐਲਾਨ ਸੁਣ ਲਿਆ ਤਾਂ ਉਹ ਜਿੱਥੇ ਛੁੱਪਿਆ ਹੋਇਆ ਸੀ ਉਥੋ ਨਿਕਲ ਕੇ ਉਹ ਆਪਣੇ ਘਰ ਵੱਲ ਨੂੰ ਤੁਰ ਪਿਆ।ਰਸਤੇ ਵਿੱਚ ਉਸ ਨੂੰ ਆਪਣੀ ਪਤਨੀ ਲੀ ਬਾਰੇ ਇਹ ਦੁਖਦਾਈ ਘਟਨਾ ਦੀ ਖਬਰ ਮਿਲ ਗਈ।ਇਹ ਖਬਰ ਸੁਣ ਕੇ ਉਹ ਪਾਗਲ ਹੋ ਗਿਆ ਤਾਂ ਆਪਣੇ ਗੁਆਂਢੀਆਂ ਦੇ ਘਰ ਆਪਣੇ ਬੱਚੇ ਚਿਨ ਨੂੰ ਲੈਣ ਪਹੁੰਚ ਗਿਆ।

ਰਾਤ ਦਾ ਸਮਾਂ ਹੋ ਗਿਆ ਸੀ ਚਿਨ ਸੌਣ ਲਈ ਜਾ ਰਿਹਾ ਸੀ,ਚਿਨ ਨੇ ਆਪਣੇ ਮੰਜੇ ਤੇ ਚੜਣ ਤੋਂ ਪਹਿਲਾਂ ਆਪਣੇ ਪਿਤਾ ਨੂੰ ਬੁਲਾਇਆ,ਚੇਨ ਨੇ ਇਹ ਦੇਖਿਆ,ਤਾਂ ਉਸ ਨੇ ਸੈਲਫ ਤੋਂ ਲਾਲਟੈਣ ਉਤਾਰ ਕੇ ਆਪਣੇ ਮੰਜੇ ਦੇ ਕੋਲ ਪਏ ਮੇਜ਼ ਤੇ ਰੱਖ ਦਿੱਤੀ।ਪਰ ਜਿਵੇਂ ਹੀ ਉਹ ਬਾਹਰ ਜਾਣ ਲੱਗਾ ਤਾਂ ਲਾਲਟੈਣ ਦੀ ਰੌਸ਼ਨੀ ਵਿੱਚ ਉਸ ਦਾ ਪ੍ਰਛਾਵਾਂ ਕੰਧ ਤੇ ਦਿਖਾਈ ਦਿੱਤਾ।ਜਦੋਂ ਚਿਨ ਨੇ ਪ੍ਰਛਾਵਾ ਦੇਖਿਆ ਤਾਂ ਉਹ ਗੋਢਿਆਂ ਭਾਰ ਬੈਠ ਗਿਆ ਅਤੇ ਕਿਹਾ, 'ਸੁਭ ਰਾਤ ਮੇਰੇ ਪਿਤਾ ਜੀ।'

ਚੇਨ ਇਹ ਸੱਭ ਸਮਝ ਗਿਆ ਸੀ ਕਿ ਦੂਸਰਾ ਪਿਤਾ ਸਿਰਫ਼ ਇਕ ਪ੍ਰਛਾਵਾਂ ਹੀ ਹੈ।ਲੀ ਨੇ ਸ਼ਾਇਦ ਚਿਨ ਨੂੰ ਖੁਸ਼ ਕਰਨ ਲਈ ਐਸਾ ਕੀਤਾ ਹੋਵੇ।ਉਸ ਨੇ ਆਪਣੀ ਠੋਡੀ ਨੂੰ ਛਾਤੀ ਨਾਲ ਦਬਾ ਲਿਆ ਤਾਂ ਫੁੱਟ-ਫੁੱਟ ਕੇ ਰੋਣ ਲੱਗਾ।ਉਸ ਨੇ ਹੈਰਾਨ ਚਿਨ ਨੂੰ ਦੱਸਿਆ ਕਿ ਉਹ ਉਸ ਦਾ ਪਿਤਾ ਹੀ ਹੈ ਜਿਹੜਾ ਵਿਦੇਸ਼ ਗਿਆ ਹੋਇਆ ਸੀ।

ਬੱਚੇ ਨੂੰ ਹੌਂਸਲਾ ਦੇਣ ਲਈ ਲਾਲਟੈਣ ਦੇ ਸਾਹਮਣੇ ਉਹੀ ਗੱਲ ਦੁਹਰਾਈ।ਫਿਰ ਪਿਓ-ਪੁੱਤਰ ਇਕ ਦੂਜੇ ਨੂੰ ਗਲੇ ਲਗਾ ਕੇ ਕਾਫੀ ਦੇਰ ਤੱਕ ਲੀ ਨੂੰ ਯਾਦ ਕਰਕੇ ਰੋਂਦੇ ਰਹੇ।

ਚੇਨ ਨੇ ਆਪਣੀ ਥੋੜੀ ਜਿਹੀ ਬਚਤ ਨਾਲ ਉਸੇ ਨਦੀ ਦੇ ਕੰਢੇ ਇਕ ਚੱਟਾਨ ਉਤੇ ਇਕ ਮੰਦਰ ਬਣਵਾਇਆ।ਹਰ ਰੋਜ਼ ਸ਼ਾਮ ਨੂੰ ਉਹ ਅਤੇ ਚਿਨ ਉਥੇ ਬੈਠਦੇ ਅਤੇ ਲੀ ਨੂੰ ਬਹੁਤ ਯਾਦ ਕਰਦੇ।ਉਹ ਸੋਚਦੇ ਹਨ ਕਿ ਲੀ ਉਥੇ ਹੈ।ਜਿਵੇਂ ਹੀ ਉਹ ਉਥੇ ਪਹੁੰਚਦੇ ਸਨ ਤਾਂ ਉਥੇ ਹੱਸਦੀ-ਹਸਾਉਦੀ ਉਹਨਾਂ ਦੇ ਕੋਲ ਆ ਕੇ ਬੈਠ ਜਾਂਦੀ।


जय भीम
जय भारत
बहुजन समाज पार्टी
के तत्वावधान
सैक्टर स्तरीय समीक्षा सम्मेलन
विधानसभा अलवर ग्रामीण जिला अलवर
बहन कु. मायावती जी
राष्ट्रीय अध्यक्ष
बहुजन समाज पार्टी
मा. रामजी गौतम जी
राज्यसभा सांसद
नेशनल कॉर्डिनेटर बसपा
दिनांक : 05 अगस्त, 2025, मंगलवार
प्रातः 11.00 बजे
स्थान : राव मेरिज होम
चरणदास मंदिर के पास कस्बा डहरा
जिला - अलवर
सायं :03.00 बजे
स्थान : ग्राम सावडी
अकबरपुर, जिला - अलवर
मा. आकाश आनन्द
मुख्य नेशनल कोऑर्डिनेटर बसपा
मा. नर्बदा प्रसाद अहीरवार
केन्द्रीय स्टेट कॉऑर्डिनेटर राजस्थान
मा. भगवान सिंह बाबा
केन्द्रीय स्टेट कॉऑर्डिनेटर राजस्थान
मा. प्रेम बारूपाल
प्रदेश अध्यक्ष राज
मुख्य अतिथि : मा. नर्बदा प्रसाद अहिरवार (कॅंद्रीय स्टेट कोऑर्डिनेटर राजस्थान)
मा. भगवान सिंह बाबा (कॅंद्रीय स्टेट कोऑर्डिनेटर राजस्थान)
मा. एड. प्रेम बारूपाल (प्रदेश अध्यक्ष बसपा राजस्थान)
विशिष्ठ अतिथि : मा. एडवोकेट रामजीवन बौद्ध (जोन प्रभारी अलवर)
मा. मैना बौद्ध (जिला प्रभारी अलवर)
मा. खेमचन्द जाटव (जिला प्रभारी अलवर)
मा. इन्द्र कुमार बौद्ध (पूर्व जिला अध्यक्ष, अलवर)
मा. जे.पी. रघुवंशी (जिला उपाध्यक्ष अलवर)
मा. सुरेश पास्टर (जिला महासचिव अलवर)
मा. मनोज गौतम (जिला सचिव अलवर)
मा. प्रेमचन्द (जिला कोषाध्यक्ष अलवर)
मा. राजेश कुमार (BVF संयोजक)
अध्यक्षता : मा. कमरचन्द अलवरिया (जिला अध्यक्ष अलवर)
नई उम्मीदों का साथी, बी.एस.पी. का हाथी
नरेन्द्र विधान सभा अध्यक्ष ग्रामीण, रामसिंह उपाध्यक्ष, रूकमणि प्रभारी, मजलस प्रभारी, रामजीलाल सचिव, दुलीचन्द कोषाध्यक्ष, भोलीदेवी महिला संयोजक, सुनेरा सहसंयोजक, पिंकी, नरेश कुमार विजेंद्र धर्म सिंह, रवि कुमार, मुकेश, जगपाल, जोगेंद्र वर्मा, ओम प्रकाश, रमेश, विक्रम, बालकिशन, शेर सिंह, राकेश, चंदू लाल, सुभाष, हनीफ कंवर सिंह, लेखराज, शहरन, जितेंद्र, अजय, महेश, नीरज, शिवलाल, संदीप, दुलीचंद, शकील, अमरीत, जुबेर, ओम प्रकाश सैनी, कजोड़ प्रजापति, भगवान, फूल सिंह, रूड़ा राम पंच, रामसिंह, अशोक, परमल, कपिल, नरेंद्र, अमजद, सोनलाल, लालचंद पूर्व MPS, नीरज, जेकी वर्मा, सीताराम, देवेंद्र, दिनेश, जयसिंह, राजेंद्र, रवि, योगेश, अरुण, नरेश, दीपक, राहुल, गुरुदयाल, प्रकाश, जगदीश, सुशीला, फकरुद्दीन, योगेश गुर्जर, जलेसिंह, कान सिंह यादव, रवि, राजेंद्र, घनश्याम जांगड़ा, प्रताप सिंह, सलमान खान, बारिश साहब, जाकर, साबिर, रूपेश ,अर्जुन, सत्यवान ,रामफल ,अजय, सूरज, धरमू, नवीन, भगवान, मोहन लाल, मनोज, नेतराम
निवेदक : बहुजन समाज पार्टी ईकाई विधानसभा अलवर ग्रामीण
मो. 9460915596, 8529745878

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook

samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com